# ਅਧਿਆਇ 18
# ਵਰਜੇ ਗਏ ਸਰੀਰਕ ਸਬੰਧ

ਅਧਿਆਇ 18 ਵਿਚ ਪਰਮੇਸ਼ੁਰ ਦੇ ਲੋਕਾਂ ਵਿਚਕਾਰ ਪਾਕੀਜ਼ਗੀ ਭਰੀ ਜ਼ਿੰਦਗੀ ਨੂੰ ਵਧਾਵਾ ਦੇਣ ਲਈ ਦਿੱਤੇ ਗਏ ਵਾਧੂ ਨਿਯਮ ਮਿਲਦੇ ਹਨ। ਦਿਲਚਸਪ ਗੱਲ ਹੈ ਕਿ ਇਹ ਨਿਯਮ ਲਗਭਗ ਪੂਰੀ ਤਰ੍ਹਾਂ ਨਾਲ ਸਰੀਰਕ ਸਬੰਧਾਂ ਬਾਰੇ ਹਨ ਕਿਉਂ ਜੋ ਇੱਥੇ ਦਿੱਤੇ ਗਏ ਨਿਯਮ ਗੋਤਰ–ਗਮਨ ਨੂੰ ਰੋਕਦੇ ਸਨ ਜਿਨ੍ਹਾਂ ਵਿਚ ਵਿਸਤਾਰ ਨਾਲ ਦੱਸਿਆ ਗਿਆ ਕਿ ਇਸਰਾਏਲੀਆਂ ਨੂੰ ਕਿੰਨ੍ਹਾਂ ਕਿੰਨ੍ਹਾਂ ਰਿਸ਼ਤੇਦਾਰਾਂ ਨਾਲ ਗੋਤਰ–ਗਮਨ ਕਰਨ ਦੀ ਇਜਾਜ਼ਤ ਨਹੀਂ ਸੀ ਅਤੇ ਫੇਰ ਹੋਰ ਜਿਣਸੀ ਪਾਪਾਂ ਤੋਂ ਮਨਾਹੀ ਸੀ। ਆਦਮੀ ਨੂੰ ਇਨ੍ਹਾਂ ਵਿੱਚੋਂ ਕਿਸੇ ਨਾਲ ਵੀ ਸੈਕਸ ਕਰਨ ਦੀ ਮਨਾਹੀ ਸੀ:

ਆਪਣੀ ਮਾਂ (18:7);
ਆਪਣੇ ਪਿਉ ਦੀ ਵਹੁਟੀ (ਮਤਰਈ ਮਾਂ) (18:8);
ਆਪਣੀ ਭੈਣ ਜਾਂ ਮਤਰਈ ਭੈਣ (18:9);
ਆਪਣੀ ਦੋਹਤੀ/ਪੋਤੀ (18:10);
ਆਪਣੀ ਮਤਰਈ ਭੈਣ (18:11);
ਆਪਣੀ ਭੂਆ/ਮਾਸੀ (18:12–14);
ਆਪਣੀ ਨੂੰਹ (18:15);
ਆਪਣੀ ਭਾਬੀ (18:16);
ਤੀਵੀਂ *ਅਤੇ* ਉਸ ਦੀ ਧੀ ਜਾਂ ਦੋਹਤੀ/ਪੋਤੀ (18:17);
ਤੀਵੀਂ *ਅਤੇ* ਉਸ ਦੀ ਭੈਣ (ਉਸ ਤੀਵੀਂ ਦੇ ਜੀਉਂਦੇ ਜੀ) (18:18);
ਔਰਤ ਦੀ ਮਾਹਵਾਰੀ ਦੌਰਾਨ (18:19);
ਆਪਣੇ ਗੁਆਂਢੀ ਦੀ ਪਤਨੀ (18:20);
ਆਦਮੀ ਦਾ ਆਦਮੀ ਨਾਲ/ਔਰਤ ਦਾ ਔਰਤ ਨਾਲ (18:22);
ਜਾਨਵਰ (18:23)।

ਆਇਤ 21 ਵਿਚ ਮਿਲਣ ਵਾਲੀਆਂ ਪਾਬੰਦੀਆਂ ਤੋਂ ਛੁੱਟ ਜਿਨ੍ਹਾਂ ਵਿਚ ਬੱਚਿਆਂ ਨੂੰ ਮੋਲਕ ਦੇਵਤੇ ਅੱਗੇ ਪੇਸ਼ ਕਰਕੇ ਯਹੋਵਾਹ ਦੇ ਨਾਂਅ ਨੂੰ ਬਦਨਾਮ ਕਰਨ ਦੀ ਮਨਾਹੀ ਸੀ, ਇਸ ਅਧਿਆਇ ਵਿਚ ਸਾਰੇ ਨਿਯਮ ਸੰਭੋਗ ਨਾਲ ਸਬੰਧਿਤ ਹਨ। ਸੰਦਰਭ ਤੋਂ ਅਜਿਹਾ ਲਗਦਾ ਹੈ ਕਿ ਇਹ ਨਿਯਮ ਨਜਾਇਜ਼ ਸਰੀਰਕ ਸਬੰਧਾਂ ਨਾਲ ਸਬੰਧਿਤ ਨਿਯਮ ਵੀ ਮੰਨਿਆ ਜਾਂਦਾ ਸੀ, ਜਿਨ੍ਹਾਂ ਵਿਚ ਇਸਰਾਏਲੀਆਂ ਦੀ ਦੂਜੇ ਦੇਵਤਿਆਂ ਦੀ ਪੂਜਾ ਨੂੰ ਆਮ ਤੌਰ ਤੇ ਰੰਡੀਬਾਜ਼ੀ ਮੰਨਿਆ ਜਾਂਦਾ ਸੀ। ਸੰਭਵ ਹੈ ਕਿ ਮੋਲਕ ਅੱਗੇ ਬੱਚੇ ਦੀ ਕੁਰਬਾਨੀ ਦਾ ਕੰਮ ਪਾਪ ਭਰੀ ਜਿਣਸੀ ਗਤੀਵਿਧੀ ਜਿੰਨਾਂ ਮੰਨਿਆ ਜਾਂਦਾ ਹੋਵੇ।

ਲੇਵੀਆਂ ਦੇ ਨਿਯਮਾਂ ਵਿਚ ਇਸਰਾਏਲੀਆਂ ਲਈ ਵਰਜੇ ਗਏ ਨੈਤਿਕ ਅਪਰਾਧਾਂ ਦੇ ਵਿਸ਼ੇ ਦੀ ਸ਼ੁਰੂਆਤ ਇਨ੍ਹਾਂ ਜਿਣਸੀ ਪਾਪਾਂ ਨਾਲ ਕਿਉਂ ਹੋਈ? ਸ਼ਾਇਦ ਇਸ ਕਰਕੇ ਕਿਉਂ ਜੋ ਮਨੁੱਖੀ ਹੋਂਦ ਲਈ ਸੰਭੋਗ ਲਾਜ਼ਮੀ ਹੈ। ਮਨੁੱਖਤਾ ਦੀ ਪਰਿਭਾਸ਼ਾ ਦੇਣ ਲਈ ਸੈਕਸੁਐਲਿਟੀ ਦੀ ਗੱਲ ਕੀਤੀ ਜਾ ਸਕਦੀ ਸੀ (ਉਤਪਤ 1:27)। ਬਾਈਬਲ ਵਿਚ ਜਿਣਸੀ ਪਾਪਾਂ ਦੀ ਅਹਿਮੀਅਤ ਸਾਫ਼ ਹੈ। ਪਹਿਲੇ ਪਾਪ ਦੇ

ਕਾਰਣ ਮਨੁੱਖੀ ਜੀਵਾਂ ਨੂੰ ਆਪਣੇ ਨੰਗੇਜ਼ ਦਾ ਪਤਾ ਚੱਲਿਆ; ਅਤੇ ਨੰਗੇਜ਼ ਨੂੰ ਆਮ ਤੌਰ ਤੇ ਸੰਭੋਗ ਨਾਲ ਮਿਲਾਇਆ ਜਾਂਦਾ ਹੈ। ਸਮਾਜ ਦੇ ਵਿਗਾੜ ਨੂੰ ਹਮੇਸਾ ਜਿਣਸੀ ਵਿਗਾੜ ਹੀ ਕਿਹਾ ਜਾਂਦਾ ਹੈ, ਭਾਵੇਂ ਇਹ ਸਦੋਮੀਆਂ (ਇਹਦੇ ਲਈ ਅੰਗ੍ਰੇਜ਼ੀ ਸ਼ਬਦ Sodomites ਹੈ ਜਿਸਦਾ ਅਰਥ ਲੌਂਡੇਬਾਜ਼ਾਂ ਹੈ – ਅਨੁਵਾਦ) ਦੇ ਰਾਹੀਂ ਹੋਵੇ (ਉਤਪਤ 19) ਜਾਂ ਇਸਰਾਏਲੀਆਂ ਵੱਲੋਂ (ਨਿਆਈਆਂ ਦੀ ਪੋਥੀ 19)।

ਇਸ ਕਰਕੇ ਹੋ ਸਕਦਾ ਹੈ ਕਿ ਇਨ੍ਹਾਂ ਪਾਪਾਂ ਦੀ ਗੱਲ ਪਹਿਲਾਂ ਇਸ ਕਰਕੇ ਕੀਤੀ ਗਈ ਕਿਉਂ ਜੋ ਉਹ ਕਿਸੇ ਵੀ ਬਦਕਾਰ ਸਮਾਜ ਦੇ ਦਿਲ ਵਿਚ ਹੁੰਦੇ ਹਨ। ਪਵਿੱਤਰ ਕੌਮ ਬਣਨਾ ਸ਼ੁਰੂ ਹੋਣ ਲਈ, ਇਸਰਾਏਲੀਆਂ ਲਈ ਟੇਢੇ ਜਿਣਸੀ ਵਿਹਾਰ ਨੂੰ ਗ਼ਲਤ ਮੰਨਿਆ ਜਾਣਾ ਜ਼ਰੂਰੀ ਸੀ। ਲੋਕਾਂ ਨੂੰ ਇਹ ਸਮਝ ਆ ਜਾਣ ਤੇ ਕਿ ਪਰਵਾਨਯੋਗ ਜਿਣਸੀ ਵਿਹਾਰ ਕੀ ਹੈ, ਇਸ ਅਧਿਆਇ ਵਿਚਲੇ ਨਿਯਮਾਂ ਨੂੰ ਮੰਨਣਾ ਤੈਅ ਹੋਣ ਤੇ ਜ਼ਿੰਦਗੀ ਦੇ ਹੋਰ ਪਹਿਲੂਆਂ ਨਾਲ ਸਬੰਧਿਤ ਨਿਯਮ ਦਿੱਤੇ ਜਾ ਸਕਦੇ ਸਨ।

ਅਧਿਆਇ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਸਦਾ ਅਰੰਭ ਜਾਣ-ਪਛਾਣ ਨਾਲ ਹੁੰਦਾ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਇਹ ਨਿਯਮ ਕਿਸ ਨੇ ਦਿੱਤੇ ਅਤੇ ਉਨ੍ਹਾਂ ਨੂੰ ਮੰਨਿਆ ਜਾਣਾ ਕਿਉਂ ਜ਼ਰੂਰੀ ਸੀ (18:1-5)। ਉਸ ਤੋਂ ਬਾਅਦ ਮੁੱਖ ਭਾਗ ਹੈ, ਜਿਸ ਵਿਚ ਉਹ ਨਿਯਮ ਹਨ ਜਿਹੜੇ ਇਸਰਾਏਲੀਆਂ ਲਈ ਮੰਨੇ ਜਾਣੇ ਜ਼ਰੂਰੀ ਸਨ (18:6-23), ਇਸ ਨੂੰ ਸਾਕ ਸਬੰਧਿਆਂ ਵਿਚਕਾਰ ਜਿਣਸੀ ਰਿਸ਼ਤਿਆਂ (18:6-18) ਅਤੇ ਵਰਜੇ ਗਏ ਹੋਰ ਜਿਣਸੀ ਸਬੰਧਾਂ ਦੇ ਉਪਭਾਗਾਂ ਵਿਚ ਵੰਡਿਆ ਜਾ ਸਕਦਾ ਹੈ (18:19-23)। ਅਧਿਆਇ ਇਕ ਸਮੀਖਿਆ ਨਾਲ ਖ਼ਤਮ ਹੁੰਦਾ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਲੋਕਾਂ ਵੱਲੋਂ ਇਨ੍ਹਾਂ ਨਿਯਮਾਂ ਨੂੰ ਮੰਨਣ ਤੋਂ ਇਨਕਾਰ ਕਰਨ ਤੇ ਇਸਰਾਏਲੀਆਂ ਨਾਲ ਕੀ ਹੋਣਾ ਸੀ (18:24-30)।

## ਨਿਯਮਾਂ ਦਾ ਸਰੋਤ ਅਤੇ ਤਰਕਪੂਰਣ ਵਿਆਖਿਆ (18:1-5)

**1ਫੇਰ ਯਹੋਵਾਹ ਮੂਸਾ ਨਾਲ ਬੋਲਿਆ ਕਿ 2ਇਸਰਾਏਲੀਆਂ ਨਾਲ ਗੱਲ ਕਰਕੇ ਆਖ, ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ 3ਮਿਸਰ ਦੇ ਦੇਸ ਦੇ ਕਰਤੱਬ ਦੇ ਅਨੁਸਾਰ ਜਿਸ ਦੇ ਵਿੱਚ ਤੁਸੀਂ ਵੱਸਦੇ ਸੀ ਤੁਸਾਂ ਨਾ ਕਰਨਾ, ਅਤੇ ਕਨਾਨ ਦੇ ਦੇਸ ਦੇ ਕਰਤੱਬ ਦੇ ਅਨੁਸਾਰ ਜਿੱਥੇ ਮੈਂ ਤੁਹਾਨੂੰ ਲਿਆਉਂਦਾ ਹਾਂ ਤੁਸਾਂ ਨਾ ਕਰਨਾ, ਨਾ ਤੁਸਾਂ ਉਨ੍ਹਾਂ ਦੀਆਂ ਰੀਤਾਂ ਵਿੱਚ ਚੱਲਨਾ 4ਤੁਸਾਂ ਮੇਰਿਆਂ ਨਿਆਵਾਂ ਨੂੰ ਕਰਨਾ ਅਤੇ ਉਨ੍ਹਾਂ ਦੇ ਵਿੱਚ ਤੁਰਨ ਲਈ ਮੇਰੀਆਂ ਰੀਤਾਂ ਨੂੰ ਧਿਆਨ ਰੱਖਣਾ, ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ 5ਸੋ ਤੁਸਾਂ ਮੇਰੀਆਂ ਬਿਧਾਂ ਅਤੇ ਮੇਰਿਆਂ ਨਿਆਵਾਂ ਨੂੰ ਧਿਆਨ ਰੱਖਣਾ। ਜੇ ਕੋਈ ਉਨ੍ਹਾਂ ਨੂੰ ਪੂਰਾ ਕਰੇ ਤਾਂ ਉਹ ਇਨ੍ਹਾਂ ਵਿੱਚ ਜੀਉਂਦਾ ਰਹੇਗਾ। ਮੈਂ ਹੀ ਯਹੋਵਾਹ ਹਾਂ।**

ਇਨ੍ਹਾਂ ਨਿਯਮਾਂ ਦੇ ਦੇਣ ਵਾਲੇ ਵਜੋਂ ਆਪਣੀ ਪਛਾਣ ਕਰਾਉਂਦਿਆਂ ਯਹੋਵਾਹ ਨੇ ਜਿਣਸੀ ਸਬੰਧਾਂ ਨਾਲ ਸਬੰਧਿਤ ਇਨ੍ਹਾਂ ਨਿਯਮਾਂ ਦਾ ਆਪਣਾ ਮੁਕਾਸ਼ਫ਼ਾ ਦੇਣਾ ਸ਼ੁਰੂ ਕੀਤਾ। ਉਹਨੇ ਇਸਰਾਏਲੀਆਂ ਵੱਲੋਂ ਮੰਨੇ ਜਾਣੇ ਜ਼ਰੂਰੀ ਨਿਯਮਾਂ ਦੀ ਬੁਨਿਆਦੀ ਵਜ੍ਹਾ ਦਾ ਐਲਾਨ ਕੀਤਾ ਕਿਉਂ ਜੋ ਉਹ ਉਨ੍ਹਾਂ ਦਾ ਪਰਮੇਸ਼ੁਰ ਸੀ ਜਿਹੜਾ ਉਨ੍ਹਾਂ ਨੂੰ ਮਿਸਰ ਵਿੱਚੋਂ ਕੱਢ ਕੇ ਲਿਆਇਆ ਸੀ।

ਟੀਕਾਕਾਰਾਂ ਨੇ ਧਿਆਨ ਦੁਆਇਆ ਹੈ ਕਿ ਅਧਿਆਇ 18 ਮਸੀਹ ਤੋਂ ਪਹਿਲਾਂ ਦੇ ਦੂਜੇ ਹਜ਼ਾਰਵੇਂ ਸਾਲ ਤੋਂ ਸੁਜ਼ੇਰੇਨੀ ਸਮਝੌਤਿਆਂ ਨਾਲ ਮੇਲ ਖਾਂਦਾ ਹੈ।[1] ਇਹ ਸਮਝੌਤੇ ਵੱਡੀ ਸ਼ਕਤੀ ("suzerain") ਅਤੇ ਉਸ ਦੇ ਮਤਹਿਤ (''ਜਗੀਰਦਾਰ'') ਕੌਮ ਜਾਂ ਲੋਕਾਂ ਵਿਚਕਾਰ ਹੋਣ ਵਾਲੇ ਸਮਝੋਤੇ ਹਨ। ਜੇਤੂ ਕੌਮ ਸਮਝੌਤੇ ਦੀਆਂ ਸ਼ਰਤਾਂ ਤੈਅ ਕਰਦੀ ਸੀ। ਅਜਿਹੇ ਸਮਝੌਤੇ ਵਿਚ ਮਾਨਕ ਫੌਰਮੈਟ ਵਿਚ (1) ਪ੍ਰਸਤਾਵਨਾ, ਜਿਸ ਵਿਚ ਸਮਝੌਤਾ ਲਿਖਵਾਉਣ ਵਾਲੇ ਜੇਤੂ ਦਾ ਨਾਂਅ; (2) ਇਤਹਾਸਕ ਸਮਝੌਤਾ ਕਰਨ ਵਾਲੀਆਂ ਦੋਹਾਂ ਧਿਰਾਂ ਦੇ ਸਬੰਧਾਂ ਨੂੰ ਯਾਦ ਦੁਆਉਂਦਾ; (3) ਸਮਝੌਤੇ ਦੀਆਂ ਸ਼ਰਤਾਂ, ਇਹ

ਦੱਸਦੀਆਂ ਕਿ ਹਾਰਨ ਵਾਲੇ ਲੋਕਾਂ ਲਈ ਕੀ ਕਰਨਾ ਜ਼ਰੂਰੀ ਸੀ; ਅਤੇ (4) ਅਸੀਸਾਂ ਅਤੇ ਸਰਾਪ – ਭਾਵ ਸ਼ਰਤਾਂ ਨੂੰ ਮੰਨੇ ਜਾਣ ਤੇ ਅਸੀਸਾਂ ਦੇਣ ਦੇ ਵਾਅਦੇ ਅਤੇ ਉਨ੍ਹਾਂ ਨੂੰ ਨਾ ਮੰਨੇ ਜਾਣ ਤੇ ਸਜ਼ਾ ਦੀਆਂ ਧਮਕੀਆਂ ਹੁੰਦੀਆਂ ਸਨ। ਹੋਰ ਮਾਮਲੇ (ਜਿਵੇਂ ਇਹ ਕਿ ਸਮਝੌਤੇ ਨੂੰ ਕਿੱਥੇ ਰੱਖਿਆ ਜਾਵੇ) ਜੋੜੇ ਜਾ ਸਕਦੇ ਸਨ।

ਇਸ ਅਧਿਆਇ ਵਿਚ ਇਸੇ ਪੈਟਰਨ ਨੂੰ ਵਰਤਿਆ ਗਿਆ ਹੈ। (1) ਇਸ ਵਿਚ ਨਿਯਮਾਂ (ਸਮਝੌਤੇ) ਦੇ ਦੇਣ ਵਾਲੀ ਪਛਾਣ ਕਰਾਈ ਗਈ ਹੈ: ਖ਼ੁਦਾ ਆਪ (18:2)। (2) ਇਸ ਸਰਵਸ਼ਕਤੀਮਾਨ ਅਤੇ ਉਨ੍ਹਾਂ ਵਿਚਲੇ ਪਿਛਲੇ ਇਤਹਾਸ ਦਾ ਹਵਾਲਾ ਦਿੱਤਾ ਗਿਆ ਹੈ ਜਿਨ੍ਹਾਂ ਨੂੰ ਇਹ ਨਿਯਮ ਦਿੱਤੇ ਗਏ ਸਨ: ਪਰਮੇਸ਼ੁਰ ਉਨ੍ਹਾਂ ਨੂੰ ਮਿਸਰ ਵਿੱਚੋਂ ਕੱਢ ਕੇ ਲਿਆਇਆ ਸੀ (18:3)। (3) ਸ਼ਰ੍ਹਾ (ਸਮਝੌਤੇ) ਵਿਚ ਮਿਲਣ ਵਾਲੀਆਂ ਸ਼ਰਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨੂੰ ਆਮ ਇਕ ਵਿਆਪਕ ਕਥਨ ਨਾਲ ਦਿੱਤਾ ਗਿਆ ਹੈ (18:3–5), ਅਤੇ ਫਿਰ ਵਿਸਤਾਰ ਨਾਲ ਨਿਯਮ ਦਿੱਤੇ ਗਏ ਹਨ (18:6–23)। (4) ਅਸੀਸਾਂ ਅਤੇ ਸਰਾਪ ਵੀ ਦਿੱਤੇ ਗਏ ਹਨ। ਅਸੀਸ ਆਇਤ 5 ਵਿਚ ਮਿਲਦੀ ਹੈ (''ਜੇ ਕੋਈ ਇਨ੍ਹਾਂ ਨੂੰ ਪੂਰਾ ਕਰੇ ਤਾਂ ਉਹ ਇਨ੍ਹਾਂ ਵਿਚ ਜੀਉਂਦਾ ਰਹੇਗਾ'') ਅਤੇ ਸਰਾਪ ਆਇਤਾਂ 28 ਅਤੇ 29 ਵਿਚ ਮਿਲਦੇ ਹਨ (''ਧਰਤੀ ... ਤੁਹਾਨੂੰ ਉਗਲੱਛ ਦੇਵੇ'' ਅਤੇ ''ਉਹ ਪ੍ਰਾਣੀ ਜੋ ਕਰਨ ਸੋ ਆਪਣੇ ਲੋਕਾਂ ਵਿੱਚੋਂ ਛੇਕੇ ਜਾਣ'')।

ਇਹ ਤੁਲਨਾ ਸਹੀ ਹੈ ਜਾਂ ਨਹੀਂ,[2] ਪਰ ਇਹ ਹਵਾਲਾ ਇਸ ਤੱਥ ਉੱਤੇ ਜ਼ੋਰ ਦਿੰਦਾ ਹੈ ਕਿ ਖ਼ੁਦਾ ਅਤੇ ਇਸਰਾਏਲੀਆਂ ਵਿਚਕਾਰ ਮੂਲ ਨੇਮ ਖ਼ੁਦਾ ਅਤੇ ਇਸਰਾਏਲੀਆਂ ਵਿਚਕਾਰ ਖ਼ੁਦਾ ਵੱਲੋਂ ਇਸਰਾਏਲੀਆਂ ਨਾਲ ਕੀਤੀਆਂ ਗਈਆਂ ਭਲਿਆਈਆਂ ਉੱਤੇ ਅਧਾਰਿਤ ਸੀ। ਇਸ ਵਿਚ ਹੁਕਮ ਮੰਨਣ ਦੀਆਂ ਬਰਕਤਾਂ ਅਤੇ ਹੁਕਮ ਤੋੜਨ ਲਈ ਬਰਬਾਦੀ ਦਾ ਵਾਅਦਾ ਕਰਦਿਆਂ ਇਸਰਾਏਲੀਆਂ ਤੋਂ ਮੁਕੰਮਲ ਤੌਰ ਤੇ ਹੁਕਮ ਮੰਨਣ ਦੀ ਇੱਛਾ ਕੀਤੀ ਗਈ ਸੀ।

**ਆਇਤਾਂ 1, 2. ਯਹੋਵਾਹ** ਨੇ ਜਿਨਸੀ ਸਬੰਧਾਂ ਨਾਲ ਸਬੰਧਿਤ ਆਪਣਾ ਸੰਦੇਸ਼ **ਮੂਸਾ** ਨੂੰ ਦਿੱਤਾ ਤਾਂ ਜੋ ਮੂਸਾ ਇਸ ਨੂੰ ਲੋਕਾਂ ਨੂੰ ਅੱਗੇ ਦੇ ਸਕੇ। ਇਸ ਦੀ ਸ਼ੁਰੂਆਤ ਉਸ ਦੇ ਨਿੱਜੀ ਨਾਂਅ ''ਯਾਹਵੇਹ'' *YHWH* (*ਯਹਵਹ*) ਦੀ ਵਰਤੋਂ ਕਰਦਿਆਂ ਹੁੰਦੀ ਹੈ ਜਿਸ ਵਿਚ **ਯਹੋਵਾਹ** ਨੇ ਆਖਿਆ **ਮੈ ਤੁਹਾਡਾ ਪਰਮੇਸ਼ੁਰ ਹਾਂ** ਜਦਕਿ ਅੰਗ੍ਰੇਜ਼ੀ ਅਨੁਵਾਦ ਵਿਚ ''LORD'' ਹੈ।

ਇਹ ਐਲਾਨ ਅੱਗੇ ਮਿਲਣ ਵਾਲੀ ਕਾਨੂੰਨੀ ਸਮੱਗਰੀ ਵਿਚ ਬਾਰ–ਬਾਰ ਮਿਲਦਾ ਹੈ (18:1–6 ਵਿਚ ਚਾਰ ਵਾਰ ਅਤੇ 18:21 ਅਤੇ 18:30 ਵਿਚ ਦੋ ਵਾਰ ਹੋਰ)। ਇਹ ਇਸ ਤੱਥ ਦਾ ਐਲਾਨ ਕਰਦਾ ਹੈ ਕਿ ਇਹ ਨਿਯਮ, ਪਰਮੇਸ਼ੁਰ ਵੱਲੋਂ ਦਿੱਤੇ ਗਏ ਸਨ ਜਿਸ ਕੋਲ ਸੰਸਾਰ ਦਾ ਸਰਵਉੱਚ ਇਖ਼ਤਿਆਰ ਹੈ ਅਤੇ ਉਸ ਦੇ ਸ਼ਿਰੋਮਣੀ ਹੋਣ ਨੂੰ ਦਰਸਾਉਂਦਾ ਹੈ। ਯਹੋਵਾਹ ਦੇ ਨਿਯਮਾਂ ਨੂੰ ਨਾ ਮੰਨਣ ਵਾਲਾ ਵਿਅਕਤੀ ਉਸ ਦੇ ਰੱਬੀ ਇਖ਼ਤਿਆਰ ਦੀ ਬੇਕਦਰੀ ਕਰਦਾ ਅਤੇ ਉਸ ਦੇ ਪਵਿੱਤਰ ਸੁਭਾਅ ਦਾ ਅਪਮਾਨ ਕਰਦਾ ਹੈ। ਇਹ ਉਨ੍ਹਾਂ ਨੂੰ ਵੀ ਜਿਨ੍ਹਾਂ ਪਹਿਲਾਂ ਇਹ ਸ਼ਬਦ ਸੁਣੇ ਸਨ ਯਾਦ ਦੁਆਉਂਦਾ ਸੀ ਕਿ ਲੇਵੀਆਂ ਦੀ ਪੋਥੀ ਵਿਚਲੇ ਸਾਰੇ ਨਿਯਮ ਪਰਮੇਸ਼ੁਰ ਦੀ ਪਵਿੱਤਰਤਾ ਤੇ ਅਧਾਰਿਤ ਸਨ ਅਤੇ ਇਸਰਾਏਲੀਆਂ ਨੂੰ ਪਵਿੱਤਰ ਬਨਾਉਣ ਲਈ ਦਿੱਤੇ ਗਏ ਸਨ। ਆਖ਼ਰ ਉਹਨੇ ਆਖਿਆ ਸੀ, ''ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ, ... ਤੁਸਾਂ ਪਵਿੱਤਰ ਬਣਨਾ, ਮੈਂ ਜੋ ਪਵਿੱਤਰ ਹਾਂ, ... ਮੈਂ ਤਾਂ ਤੁਹਾਡੇ ਪਰਮੇਸ਼ੁਰ ਬਣਨ ਲਈ ਓਹੋ ਯਹੋਵਾਹ ਹਾਂ ਜੋ ਤੁਹਾਨੂੰ ਮਿਸਰ ਦੇ ਦੇਸੋਂ ਲਿਆਉਂਦਾ ਹਾਂ, ਸੋ ਤੁਸੀਂ ਪਵਿੱਤਰ ਹੋਵੋ, ਮੈਂ ਜੋ ਪਵਿੱਤਰ ਹਾਂ'' (11:44, 45)। ਇਨ੍ਹਾਂ ਨਿਯਮਾਂ ਨੂੰ ਮੰਨਣ ਨਾਲ ਇਸਰਾਏਲੀਆਂ ਨੇ ਪਵਿੱਤਰ ਬਣਨ ਵਿਚ ਯੋਗਦਾਨ ਦੇਣਾ ਸੀ।

**ਆਇਤ 3.** ਅਧਿਆਇ ਦੇ ਸੰਦੇਸ਼ ਦਾ ਅਰੰਭ ਇਹ ਆਖਣ ਨਾਲ ਹੁੰਦਾ ਹੈ ਕਿ ਇਸਰਾਏਲੀਆਂ ਲਈ ਕੀ ਕਰਨਾ ਅਤੇ ਕੀ ਨਹੀਂ ਕਰਨਾ ਜ਼ਰੂਰੀ ਸੀ। ਉਨ੍ਹਾਂ ਨੂੰ ਹੋਰਨਾਂ ਕੌਮਾਂ ਦੇ ਰਸਤੇ ਭਾਵੇਂ ਉਹ ਕੌਮ

ਉਹੀ ਹੋਵੇ ਜਿਸ ਵਿੱਚੋਂ ਉਹ ਹੁਣੇ ਹੁਣੇ ਬਚ ਕੇ ਨਿੱਕਲੇ ਸਨ ਅਰਥਾਤ **ਮਿਸਰ** ਜਾਂ ਉਹ ਕੌਮਾਂ ਜਿਨ੍ਹਾਂ ਨੂੰ ਉਨ੍ਹਾਂ ਨੇ **ਕਨਾਨ ਦੇ ਦੇਸ ਵਿਚ** ਮਿਲਣਾ ਸੀ, ਨਾ ਚੱਲਣ ਲਈ ਕਿਹਾ (ਵੇਖੋ 18:24)। ਅਨੁਵਾਦ ਹੋਈ ਸਤਰ ਮਿਸਰ ਅਤੇ ਕਨਾਨ ਵਿਚ **ਦੇ ਕਰਤਬ ਦੇ ਅਨੁਸਾਰ ਤੁਸਾਂ ਨਾ ਕਰਨਾ** ਦੇ ਮੂਲ ਇਬਰਾਨੀ ਸ਼ਬਦ ਦਾ ਅਰਥ ਹੈ ਮਿਸਰੀਆਂ ਅਤੇ ਕਨਾਨੀਆਂ ਦੇ ''ਕੰਮ ਦੇ ਮੁਤਾਬਿਕ ਤੁਸਾਂ ਨਾ ਕਰਨਾ।''

ਆਇਤ 3 ਵਿਚ ਮਿਲਣ ਵਾਲੀ ਅਹਿਮ ਸਚਿਆਈ ਇਹ ਹੈ ਕਿ ਪਰਮੇਸ਼ੁਰ ਦੇ ਲੋਕ ਵਿਲੱਖਣ ਸਨ ਕਿਉਂ ਜੋ ਉਹ ਸਾਰੀਆਂ ਕੌਮਾਂ ਵਿੱਚੋਂ (ਪਰਮੇਸ਼ੁਰ ਦੀ ''ਨਿੱਜ ਪਰਜਾ'') ਸਨ (ਕੂਚ 19:5)। ਇਸ ਕਰਕੇ ਉਨ੍ਹਾਂ ਨੇ ਫ਼ਰਕ ਹੋਣਾ ਸੀ। ਉਨ੍ਹਾਂ ਨੇ ਮਿਸਰੀਆਂ ਦੇ ਦੇਵਤਿਆਂ ਜਾਂ ਕਨਾਨੀਆਂ ਦੇ ਦੇਵਤਿਆਂ ਦੀ ਪੂਜਾ ਨਹੀਂ ਕਰਨੀ ਸੀ, ਨਾ ਹੀ ਉਨ੍ਹਾਂ ਨੇ ਮਿਸਰ ਜਾਂ ਕਨਾਨ ਦੀ ਜੀਵਨ ਸ਼ੈਲੀ ਨੂੰ ਅਪਨਾਉਣਾ ਸੀ। **ਨਾ ਤੁਸਾਂ ਉਨ੍ਹਾਂ ਦੀਆਂ ਰੀਸਾਂ ਵਿਚ ਚੱਲਣਾ** ਦਾ ਅਰਥ ਹੈ ''ਤੁਸੀਂ ਉਨ੍ਹਾਂ ਦੀਆਂ ਖ਼ੂਬੀਆਂ ਦੇ ਮੁਤਾਬਿਕ ਉਨ੍ਹਾਂ ਦੀਆਂ ਰਸਮਾਂ ਨੂੰ ਨਾ ਮੰਨਣਾ ਜਾਂ ਰਹਿਣਾ।''

**ਆਇਤ 4.** ਇਸਰਾਏਲੀਆਂ ਲਈ ਮਿਸਰ ਜਾਂ ਕਨਾਨ ਦੀਆਂ ''ਰੀਤਾਂ'' ਨੂੰ ਮੰਨਣ ਦੀ ਬਜਾਇ ਯਹੋਵਾਹ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਸੀ। ਇਹ ਪੱਕਾ ਕਰਨ ਲਈ ਕਿ ਸੁਣਨ ਵਾਲਿਆਂ ਨੂੰ ਸਮਝ ਆ ਗਈ ਯਹੋਵਾਹ ਨੇ ਇਹ ਸ਼ਰਤਾਂ ਕਈ ਤਰੀਕਿਆਂ ਨਾਲ ਦਿੱਤੀਆਂ। ਉਹਨੇ ਆਖਿਆ ਕਿ ਉਸ ਦੇ ਲੋਕਾਂ ਲਈ ਉਸ ਦੇ **ਨਿਆਵਾਂ ਨੂੰ ਕਰਨਾ** ਅਤੇ ਉਸ ਦੀਆਂ **ਰੀਤਾਂ ਨੂੰ ਧਿਆਨ ਵਿਚ ਰੱਖਣਾ** ਜ਼ਰੂਰੀ ਸੀ। ਦੂਜੇ ਸ਼ਬਦਾਂ ਵਿਚ ਉਨ੍ਹਾਂ ਲਈ **ਉਨ੍ਹਾਂ ਦੇ ਵਿਚ ਤੁਰਨਾ** ਜ਼ਰੂਰੀ ਸੀ। ਕਿਉਂ? ਕਿਉਂ ਜੋ ਪਰਮੇਸ਼ੁਰ **ਯਹੋਵਾਹ** ਉਨ੍ਹਾਂ ਦਾ **ਪਰਮੇਸ਼ੁਰ** ਸੀ!

**ਆਇਤ 5.** ਜੇ ਉਹ ਯਹੋਵਾਹ ਦੀ ਗੱਲ ਮੰਨਦੇ ਤਾਂ ਇਸ ਦਾ ਕੀ ਨਤੀਜਾ ਹੋਣਾ ਸੀ? ਅਧਿਆਇ ਦੀ ਜਾਣ-ਪਛਾਣ ਦੀ ਆਖ਼ਰੀ ਆਇਤ ਇਸ ਸਵਾਲ ਦਾ ਜਵਾਬ ਦਿੰਦੀ ਹੈ। ਜੇ ਉਹ ਉਸ ਦੀਆਂ **ਬਿਧਾਂ** ਅਤੇ **ਨਿਆਵਾਂ** ਨੂੰ ਮੰਨਦੇ ਤਾਂ ਉਨ੍ਹਾਂ ਨੂੰ ਬਰਕਤ ਮਿਲਣੀ ਸੀ, ਕਿਉਂ ਜੋ **ਜੇ ਕੋਈ** ਇਨ੍ਹਾਂ ਨੂੰ ਪੂਰਾ ਕਰਦਾ ਤਾਂ ਉਹਨੇ **ਜੀਉਂਦਾ** ਰਹਿਣਾ ਸੀ। ਇਸ ਆਇਤ ਵਿਚ ''ਜੀਉਂਦਾ'' ਰਹਿਣ ਦਾ ਅਰਥ ਮਰਨ ਦੇ ਉਲਟ *ਸਿਰਫ਼* ਜ਼ਿੰਦਾ ਰਹਿਣਾ ਨਹੀਂ ਹੈ। ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਇਸਰਾਏਲ ਨੂੰ ਇਕ ਆਮ ਇਸਰਾਏਲੀ ਵਾਂਗ ਜਿਹੜਾ ਪਰਮੇਸ਼ੁਰ ਦੀ ਇੱਛਾ ਨੂੰ ਮੰਨਦਾ ਸੀ ਜ਼ਿੰਦਗੀ ਵਿਚ ਹਰ ਚੰਗੀ ਚੀਜ਼ ਦੀ ਬਰਕਤ ਮਿਲਣੀ ਸੀ। ਪਰਮੇਸ਼ੁਰ ਨੇ ਫੇਰ ਤੋਂ ਆਪਣੇ ਮੁਕਾਸ਼ਫ਼ੇ ਦੀ ਮੁੱਖ ਸਚਿਆਈ ਨੂੰ ਦੱਸਦਿਆਂ ਆਪਣੇ ਨਿਯਮ ਦੇ ਮੰਨੇ ਜਾਣ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ: ਉਹਨੇ ਆਖਿਆ, **ਮੈਂ ਹੀ ਯਹੋਵਾਹ ਹਾਂ।**

## ਰਿਸ਼ਤੇਦਾਰਾਂ ਨਾਲ ਸਰੀਰਕ ਸਬੰਧਾਂ ਦੀ ਮਨਾਹੀ ਕੀਤੀ ਗਈ (18:6-18)

**[6]ਤੁਹਾਡੇ ਵਿੱਚੋਂ ਕੋਈ ਜਣਾ ਉਨ੍ਹਾਂ ਦੇ ਨੰਗੇਜ ਉਘਾੜਨ ਦੇ ਲਈ ਆਪਣੇ ਨੇੜੇ ਦੇ ਸਾਕ ਦੇ ਕਿਸੇ ਕੋਲ ਨਾ ਜਾਏ। ਮੈਂ ਯਹੋਵਾਹ ਹਾਂ [7]ਆਪਣੇ ਪਿਉ ਦੇ ਨੰਗੇਜ ਨੂੰ ਅਤੇ ਆਪਣੀ ਮਾਂ ਦੇ ਨੰਗੇਜ ਨੂੰ ਤੂੰ ਨਾ ਉਘਾੜੀਂ, ਉਹ ਤੇਰੀ ਮਾਂ ਹੈ, ਤੂੰ ਉਸ ਦਾ ਨੰਗੇਜ ਨਾ ਉਘਾੜੀਂ [8]ਆਪਣੇ ਪਿਉ ਦੀ ਵਹੁਟੀ ਦਾ ਨੰਗੇਜ ਤੂੰ ਨਾ ਉਘਾੜੀਂ, ਇਹ ਤੇਰੇ ਪਿਉ ਦਾ ਨੰਗੇਜ ਹੈ [9]ਆਪਣੀ ਭੈਣ ਅਤੇ ਆਪਣੇ ਪਿਉ ਦੀ ਧੀ ਯਾ ਆਪਣੀ ਮਾਂ ਦੀ ਧੀ ਦਾ ਨੰਗੇਜ, ਭਾਵੇਂ ਘਰ ਦੀ ਜੰਮੀ, ਭਾਵੇਂ ਵਾਂਢੇ ਜੰਮੀ ਹੋਈ ਹੋਵੇ, ਉਨ੍ਹਾਂ ਦਾ ਨੰਗੇਜ ਤੂੰ ਨਾ ਉਘਾੜੀਂ [10]ਤੇਰੇ ਪੁੱਤਰ ਦੀ ਧੀ ਯਾ ਤੇਰੀ ਧੀ ਦੀ ਧੀ ਦਾ ਨੰਗੇਜ, ਹਾਂ, ਉਨ੍ਹਾਂ ਦੇ ਨੰਗੇਜ ਨੂੰ ਤੂੰ ਨਾ ਉਘਾੜੀਂ ਕਿਉਂ ਜੋ ਉਨ੍ਹਾਂ ਦਾ ਨੰਗੇਜ ਸੋ ਤੇਰਾ ਆਪਣਾ ਹੀ ਹੈ [11]ਆਪਣੇ ਪਿਉ ਦੀ ਤੀਵੀਂ ਦੀ ਧੀ ਦਾ ਨੰਗੇਜ ਜੋ ਤੇਰੇ ਪਿਉ ਤੋਂ ਜੰਮੀ ਤੇਰੀ ਭੈਣ ਜੋ ਹੋਈ, ਉਸ ਦਾ ਨੰਗੇਜ ਤੂੰ ਨਾ ਉਘਾੜੀਂ [12]ਆਪਣੇ ਪਿਉ ਦੀ ਭੈਣ ਦਾ ਨੰਗੇਜ ਤੂੰ ਨਾ ਉਘਾੜੀਂ, ਉਹ ਤੇਰੇ ਪਿਓ ਦਾ ਨੇੜੇ ਦਾ ਸਾਕ ਹੈ [13]ਆਪਣੀ ਮਾਂ ਦੀ ਭੈਣ**

**ਦਾ ਨੰਗੇਜ ਤੂੰ ਨਾ ਉਘਾੜੀਂ ਕਿਉਂ ਜੋ ਉਹ ਤੇਰੀ ਮਾਂ ਦਾ ਨੇੜੇ ਦਾ ਸਾਕ ਹੈ [14]ਤੂੰ ਆਪਣੇ ਪਿਓ ਦੇ ਭਰਾ ਦਾ ਨੰਗੇਜ ਨਾ ਉਘਾੜੀਂ, ਤੂੰ ਉਸ ਦੀ ਵਹੁਟੀ ਕੋਲ ਨਾ ਜਾਈਂ, ਉਹ ਤੇਰੀ ਚਾਚੀ ਹੈ [15]ਤੂੰ ਆਪਣੀ ਨੂੰਹ ਦਾ ਨੰਗੇਜ ਨਾ ਉਘਾੜੀਂ, ਉਹ ਤੇਰੇ ਪੁੱਤਰ ਦੀ ਵਹੁਟੀ ਹੈ, ਉਸ ਦਾ ਨੰਗੇਜ ਤੂੰ ਨਾ ਉਘਾੜੀਂ [16]ਤੂੰ ਆਪਣੇ ਭਰਾ ਦੀ ਵਹੁਟੀ ਦਾ ਨੰਗੇਜ ਨਾ ਉਘਾੜੀਂ, ਉਹ ਤੇਰੇ ਭਰਾ ਦਾ ਨੰਗੇਜ ਹੈ [17]ਤੂੰ ਕਿਸੇ ਤੀਵੀਂ ਅਤੇ ਉਸ ਦੀ ਧੀ ਦਾ ਨੰਗੇਜ ਨਾ ਉਘਾੜੀਂ, ਨਾ ਤੂੰ ਉਸ ਦੇ ਪੁੱਤਰ ਦੀ ਧੀ, ਯਾਂ ਉਸ ਦੀ ਧੀ ਦੀ ਧੀ ਨੂੰ ਉਸ ਦਾ ਨੰਗੇਜ ਉਘਾੜਨ ਲਈ ਲਿਆਵੀਂ ਕਿਉਂ ਜੋ ਉਹ ਉਸ ਦੇ ਨੇੜੇ ਦੇ ਸਾਕ ਹਨ, ਇਹ ਖੋਟ ਹੈ [18]ਨਾ ਤੂੰ ਕਿਸੇ ਤੀਵੀਂ ਨੂੰ ਉਸ ਦੇ ਦੁਖ ਦੇਣ ਲਈ ਉਸ ਦਾ ਨੰਗੇਜ ਉਘਾੜਨ ਲਈ, ਪਹਿਲੀ ਵਹੁਟੀ ਦੇ ਜੀਉਂਦਿਆਂ ਉਸ ਦੀ ਭੈਣ ਨੂੰ ਨਾ ਵਿਆਹਵੀਂ।**

ਯਹੋਵਾਹ ਨੇ ਐਲਾਨ ਕੀਤਾ ਕਿ ਉਸ ਦੇ ''ਨਿਆਵਾਂ'' ਅਤੇ ''ਬਿਧਾਂ'' ਨੂੰ ਮੰਨਿਆ ਜਾਣਾ ਜ਼ਰੂਰੀ ਹੈ। ਕਿਸੇ ਰਿਸ਼ਤੇਦਾਰ ਨਾਲ ਸੰਭੋਗ ਕਰਨ ਦੇ ਵਿਰੁੱਧ ਪਾਬੰਦੀਆਂ ਦੀ ਸ਼ੁਰੂਆਤ ਨਾਲ ਉਹਨੇ ਇਸਰਾਏਲੀਆਂ ਵੱਲੋਂ ਮੰਨੇ ਜਾਣ ਵਾਲੇ ਕੁਝ ਖ਼ਾਸ ਨਿਯਮ ਦਿੰਦਿਆਂ ਇਹ ਆਮ ਵਾਕ ਕਿਹਾ।

ਇਨ੍ਹਾਂ ਨਿਯਮਾਂ ਦੇ ਪਹਿਲੇ ਅਤੇ ਪ੍ਰਮੁੱਖ ਭਾਗ ਦਾ ਸਬੰਧ ਗੋਤਰ–ਗਮਨ ਨੂੰ ਗ਼ਲਤ ਦੱਸਦੀਆਂ ਜਿਣਸੀ ਗਤੀਵਿਧੀਆਂ ਨਾਲ ਸਬੰਧਿਤ ਸੀ। ''ਗੋਤਰ–ਗਮਨ'' ਸ਼ਬਦ ਸਾਕ ਸਬੰਧੀਆਂ ਵਿਚਕਾਰ ਜਿਨ੍ਹਾਂ ਦੇ ਵਿਆਹ ਦੀ ਸ਼ਰ੍ਹਾ ਜਾਂ ਦਸਤੂਰ ਮੁਤਾਬਿਕ ਮਨਾਹੀ ਸੀ, ਜਿਣਸੀ ਸਬੰਧਾਂ ਦਾ ਸੰਕੇਤ ਦਿੰਦਾ ਹੈ। ਲਿਖਤ ਇਸ ਪਾਪ ਨੂੰ ''ਸਕੇ ਰਿਸ਼ਤੇਦਾਰਾਂ'' ਵਿਚਕਾਰ ਸੰਭੋਗ ਹੋਣਾ ਦੱਸਦੀ ਹੈ। ਸ਼ੁਰੂ ਤੋਂ ਲੈ ਕੇ ਪੂਰੀ ਦੁਨੀਆਂ ਵਿਚ ਹੀ ਜ਼ਿਆਦਾਤਰ ਸਮਾਜਾਂ ਵਿਚ ਗੋਤਰ–ਗਮਨ ਨੂੰ ਗ਼ਲਤ ਦੱਸਿਆ ਜਾਂਦਾ ਹੈ, ਭਾਵੇਂ ਉਨ੍ਹਾਂ ਨੂੰ ਕਈ ਵਾਰ ਵੱਖੋ–ਵੱਖ ਤਰੀਕਿਆਂ ਨਾਲ ਅਪਰਾਧ ਕਿਹਾ ਗਿਆ ਹੈ। ਅਗਲੀਆਂ ਆਇਤਾਂ ਦਾ ਮਕਸਦ ਇਹ ਐਲਾਨ ਕਰਨਾ ਓਨਾ ਨਹੀਂ ਹੈ ਕਿ ਗੋਤਰ–ਗਮਨ ਗ਼ਲਤ ਹੈ ਜਿੰਨਾਂ ਇਹ ਇਹ ਸਾਫ਼ ਕਰਨਾ ਹੈ ਕਿ ਕਿਸ ਸਬੰਧ ਨੂੰ ਗ਼ਲਤ ਮੰਨਿਆ ਜਾਵੇ।

ਫਿਰ ਵੀ ਸਾਕ ਸਬੰਧੀਆਂ ਵਿਚਕਾਰ ਹਰ ਰਿਸ਼ਤੇ ਦੀ ਗੱਲ ਨਹੀਂ ਕੀਤੀ ਗਈ ਹੈ। ਅਸਲ ਵਿਚ ਵਚਨ ਵਿਚ ਪਿਤਾ ਅਤੇ ਪੁੱਤਰੀ ਵਿਚਕਾਰ ਸੈਕਸ ਦੀ ਮਨਾਹੀ ਨਹੀਂ ਕੀਤੀ ਗਈ। ਇਸ ਦੇ ਨਾ ਦੱਸੇ ਜਾਣ ਦਾ ਸਭ ਤੋਂ ਵਧੀਆ ਕਾਰਣ ਇਹ ਹੈ ਕਿ ਹਰ ਕੋਈ ਜਾਣਦਾ ਸੀ ਅਤੇ ਮੰਨਦਾ ਸੀ ਕਿ ਪਿਤਾ ਅਤੇ ਪੁੱਤਰੀ ਵਿਚਕਾਰ ਸਰੀਰਕ ਸਬੰਧ ਅਪ੍ਰਵਾਨਯੋਗ ਹੈ। ਇਸ ਕਰਕੇ ਇਸ ਲੜੀ ਵਿਚ ਇਸ ਪਾਪ ਦੀ ਗੱਲ ਕਰਨਾ ਜ਼ਰੂਰੀ ਨਹੀਂ ਸੀ। ਇਸ ਵਿਚਾਰ ਨੂੰ ਜੌਨ ਐੱਮ. ਸਪ੍ਰਿੰਕਲ ਨੇ ਇਹ ਧਿਆਨ ਦੁਆਉਂਦਿਆਂ ਲਿਆ ਕਿ ''ਲੂਤ ਦੀਆਂ ਧੀਆਂ ਦਾ ਵਿਰਤਾਂਤ (ਉਤਪਤ 19:31–38) ਇਹ ਸਾਫ਼ ਸੰਕੇਤ ਦਿੰਦਾ ਹੈ ਕਿ ਸਦੋਮ ਵਰਗਾ ਅਜਿਹੀਆ ਰਵੱਈਆ ਨਿੰਦਣ ਯੋਗ ਹੈ।'' ਉਸ ਨੇ ਕਿਹਾ ਕਿ ''ਨਜ਼ਦੀਕੀ ਰਿਸ਼ਤੇਦਾਰਾਂ ਨਾਲ ਸੈਕਸ ਦੇ ਵਿਰੁੱਧ ਆਮ ਪਾਬੰਦੀ ਵਿਚ ਵੀ ਸਭ ਤੋਂ ਸਾਫ਼ ਮਾਮਲਿਆਂ ਨੂੰ ਹੀ ਲਿਆ ਜਾਂਦਾ ਹੈ (*šĕēr bĕśārô*; ਲੇਵੀਆਂ 18:6), ਇਕ ਇਜ਼ਹਾਰ ਜਿਸ ਨੂੰ ਕਿਤੇ ਹੋਰ (ਲੇਵੀਆਂ 21:2–3) ਕਿਸੇ ਦੀ ਮਾਂ, ਭੈਣ ਅਤੇ ਧੀ ਨੂੰ ਸ਼ਾਮਿਲ ਕਰਕੇ ਸਮਝਾਇਆ ਗਿਆ ਹੈ।''[3] ਵਰਜੇ ਗਏ ਸਬੰਧਾਂ ਦੇ ਇਨ੍ਹਾਂ ਸਾਫ਼ ਮਾਮਲਿਆਂ ਨੂੰ ਨਿਸ਼ਾਨ ਦੇ ਤੌਰ ਤੇ ਮੰਨਿਆ ਜਾਣਾ ਚਾਹੀਦਾ ਹੈ। ਇਨ੍ਹਾਂ ਅਤੇ ਇਨ੍ਹਾਂ ਵਰਗੇ ਹੋਰ ਮਾਮਲਿਆਂ ਵਿਚ ਹੋਰ ਸਪੱਸ਼ਟ ਪਰਿਵਾਰਿਕ ਸਬੰਧਾਂ ਸਣੇ, ਇਕ ਇਸਰਾਏਲੀ ਲਈ ਕਿਸੇ ਰਿਸ਼ਤੇਦਾਰ ਨਾਲ ਸਰੀਰਕ ਸਬੰਧਾਂ ਦੀ ਇਜਾਜ਼ਤ ਨਹੀਂ ਸੀ।

ਗੋਤਰ–ਗਮਨ ਦੇ ਲਗਭਗ ਹਰ ਥਾਂ ਹਰਾਮ ਮੰਨੇ ਜਾਣ ਤੇ ਬਹਿਸ ਹੋ ਚੁੱਕੀ ਹੈ। ਇਕ ਗੱਲ ਪੱਕੀ ਹੈ ਕਿ ਮਨੁੱਖੀ ਜੀਵਾਂ ਲਈ ਪਰਿਵਾਰ ਦੇ ਲੋਕਾਂ ਨਾਲ ਆਪੋ ਵਿਚ ਵਿਆਹ ਕਰਨਾ ਸਮਾਜ ਲਈ ਨੁਕਸਾਨਦੇਹ ਹੋਣਾ ਸੀ।[4] ਹੋਰਨਾਂ ਕਈ ਮਾਮਲਿਆਂ ਵਾਂਗ ਇੱਥੇ ਵੀ ਪੰਚਗ੍ਰੰਥ ਵਿਚ ਮਿਲਣ ਵਾਲੇ ਨਿਯਮ ਇਸਰਾਏਲੀਆਂ ਲਈ ਬਰਕਤ ਸਨ, ਕਿਉਂਕਿ ਉਨ੍ਹਾਂ ਨਾਲ ਰਿਸ਼ਤੇਦਾਰਾਂ ਵਿਚਕਾਰ ਆਪੋ ਵਿਚ

ਵਿਆਹ ਕਰਨ ਨਾਲ ਹੋਣ ਵਾਲੀਆਂ ਮੁਸ਼ਕਿਲਾਂ ਉੱਤੇ ਰੋਕ ਲਗਦੀ ਹੈ। ਪਰ ਸਿਵਾਇ ਇਹ ਸੰਕੇਤ ਦੇਣ ਦੇ ਕਿ ਹੋਰਨਾਂ ਲੋਕਾਂ ਵੱਲੋਂ ਜਿਨ੍ਹਾਂ ਦੀ ਰੀਸ ਕਰਨ ਦੀ ਇਸਰਾਏਲੀਆਂ ਨੂੰ ਮਨਾਹੀ ਸੀ ਅਤੇ ਇਹ ਸੁਝਾਅ ਦੇਣਾ ਕਿ ਯਹੋਵਾਹ ਪਰਮੇਸ਼ੁਰ ਦੀ ਪਵਿੱਤਰਤਾ ਦੀ ਬਰਾਬਰੀ ਨਹੀਂ ਹੋ ਸਕਦੀ, ਸਾਕ ਸਬੰਧੀਆਂ ਨਾਲ ਸੈਕਸ ਦੀ ਮਨਾਹੀ ਦਾ ਕਾਰਣ ਨਹੀਂ ਦੱਸਿਆ ਗਿਆ।

**ਆਇਤ 6.** ਸਾਕ ਸਬੰਧੀਆਂ ਨਾਲ ਨਿਯਮ ਦਾ ਅਰੰਭ ਇਕ ਵਿਸ਼ੇ ਵਾਲੇ ਵਾਕ ਨਾਲ ਹੁੰਦਾ ਹੈ – ਇਕ ਆਮ ਨਿਯਮ ਜਿਹੜਾ ਅਗਲੇ ਖ਼ਾਸ ਨਿਯਮਾਂ ਨਾਲ ਵਿਸਤਾਰ ਦੇ ਕੇ ਸਮਝਾਇਆ ਗਿਆ ਹੈ: **ਤੁਹਾਡੇ ਵਿੱਚੋਂ ਕੋਈ ਜਣਾ ਉਨ੍ਹਾਂ ਦੇ ਨੰਗੇਜ ਉਘਾੜਨ ਦੇ ਲਈ ਆਪਣੇ ਨੇੜੇ ਦੇ ਸਾਕ**[5] **ਦੇ ਕਿਸੇ ਕੋਲ ਨਾ ਜਾਏ।** ''ਨੰਗੇਜ ਉਘਾੜਨ'' ਸੰਭੋਗ ਲਈ ਗੋਲ–ਮੋਲ ਸ਼ਬਦ ਹੈ (ਵੇਖੋ ਹਿਜ਼ਕੀਏਲ 16:36; 23:18)। ਜਿਸ ਕਰਕੇ ਇਸ ਆਇਤ ਵਿਚਲੇ ਨਿਯਮਾਂ ਦਾ ਅਰਥ ਕਿਸੇ ਇਸਰਾਏਲੀ ਨੂੰ ''ਸਾਕ ਸਬੰਧੀਆਂ'' ਨਾਲ ਸੰਭੋਗ ਕਰਨ ਤੋਂ ਰੋਕਣਾ ਸੀ। ਇਹ ਸਾਕਾਂ ਵਿਚਕਾਰ ਵਿਆਹ ਦੀ ਮਨਾਹੀ ਕਰਦਾ ਸੀ।

ਪੰਚਗ੍ਰੰਥ ਦੀਆਂ ਪਿਛਲੀਆਂ ਕਿਤਾਬਾਂ ਤੋਂ ਵਾਕਫ਼ ਕੋਈ ਵੀ ਵਿਅਕਤੀ ਇਹ ਯਾਦ ਕਰੇਗਾ ਕਿ ਪੁਰਖੇ ਇਨ੍ਹਾਂ ਵਿੱਚੋਂ ਕੁਝ ਰੀਤਾਂ ਅਨੁਸਾਰ ਕਰਦੇ ਸਨ ਜਿਨ੍ਹਾਂ ਦੀ ਇੱਥੇ ਮਨਾਹੀ ਕੀਤੀ ਗਈ ਹੈ। ਉਦਾਹਰਣ ਲਈ, ਅਬਰਾਹਾਮ ਨੇ ਆਪਣੀ ਮਤਰਈ ਭੈਣ ਨਾਲ ਵਿਆਹ ਕੀਤਾ (ਉਤਪਤ 20:12) ਅਤੇ ਯਾਕੂਬ ਨੇ ਇੱਕੋ ਵੇਲੇ ਦੋ ਭੈਣਾਂ ਨਾਲ ਵਿਆਹ ਕੀਤਾ ਸੀ (ਭਾਵੇਂ ਪਹਿਲੀ ਉਹਦੀ ਪਸੰਦ ਦੀ ਨਹੀਂ ਸੀ; ਉਤਪਤ 29:15–30)। ਪਰਮੇਸ਼ੁਰ ਨੇ ਸੀਨੈ ਪਹਾੜ ਤੇ ਉਹ ਨਿਯਮ ਕਿਉਂ ਦਿੱਤੇ ਜਿਹੜੇ ਉਨ੍ਹਾਂ ਪੁਰਖਿਆਂ ਨੂੰ ਗ਼ਲਤ ਠਹਿਰਾਉਂਦੇ ਸਨ ਜਿਨ੍ਹਾਂ ਨੂੰ ਉਹਨੇ ਪਹਿਲਾਂ ਚੁਣਿਆ ਸੀ? ਇਕ ਵਿਆਖਿਆ ਇਹ ਹੈ ਕਿ ਲੇਵੀਆਂ ਦੀ ਪੋਥੀ 18 ਵਿਚਲੇ ਨਿਯਮ ਹਮੇਸ਼ਾ ਤੋਂ ਪ੍ਰਭਾਵੀ ਸਨ, ਪਰ ਪੁਰਖੇ ਉਨ੍ਹਾਂ ਨੂੰ ਪੂਰਾ ਨਹੀਂ ਕਰ ਸਕੇ। ਇਸ ਤੋਂ ਤਾਂ ਸਿਰਫ਼ ਇਹੀ ਪਤਾ ਲੱਗੇਗਾ ਕਿ ਉਹ ਭੁੱਲਣਹਾਰ ਮਨੁੱਖੀ ਜੀਵ ਸਨ। ਇਕ ਹੋਰ ਸੰਭਾਵਨਾ ਇਹ ਹੈ ਕਿ ਸ਼ਾਇਦ ਉਨ੍ਹਾਂ ਮੁਸ਼ਕਿਲਾਂ ਨੂੰ ਰੋਕਣ ਵਾਸਤੇ ਜਿਹੜੀਆਂ ਸ਼ਰ੍ਹਾ ਦੇ ਦਿੱਤੇ ਜਾਣ ਤੋਂ ਪਹਿਲਾਂ ਗੋਤਰ–ਗਮਨ ਦੇ ਰਿਸ਼ਤਿਆਂ ਵਿੱਚੋਂ ਪੈਦਾ ਹੋਈਆਂ ਸਨ, ਇਸ ਮੌਕੇ ਪਰਮੇਸ਼ੁਰ ਨੇ ਨਵੇਂ ਨਿਯਮ ਦਿੱਤੇ।

18:6–18 ਵਿਚਲੇ ਨਿਯਮਾਂ ਵਿਚ ਇਹ ਸਾਫ਼ ਹੈ ਕਿ ਉਨ੍ਹਾਂ ਵਿੱਚੋਂ ਕੁਝ ਲੋਕ ਜਿਨ੍ਹਾਂ ਨੂੰ ਸੈਕਸ ਕਰਨ ਦੀ ਮਨਾਹੀ ਕੀਤੀ ਗਈ ਸੀ ਅਸਲ ਵਿਚ ਵਾਕ ਖੰਡ ਦੇ ਆਮ ਅਰਥ ਵਿਚ ''ਸਕੇ'' ਰਿਸ਼ਤੇਦਾਰ ਨਹੀਂ ਸਨ। ਉਹ ਵਿਅਕਤੀ ਜਿਸ ਦੀ ਗੱਲ ਇਸ ਨਿਯਮ ਵਿਚ ਕੀਤੀ ਗਈ ਹੈ ਸਕਾ ਰਿਸ਼ਤੇਦਾਰ ਨਹੀਂ ਸੀ। ਉਦਾਹਰਣ ਲਈ ਮਤਰਈ ਭੈਣ ਅਸਲ ਵਿਚ ਆਪਣੇ ਮਤਰਏ ਭਰਾ ਦੀ ਸਕੀ ਰਿਸ਼ਤੇਦਾਰ ਨਹੀਂ ਹੈ। ਇਹਦਾ ਮਤਲਬ ਇਹ ਹੋਇਆ ਕਿ ਸ਼ਾਇਦ ਇਨ੍ਹਾਂ ਆਇਤਾਂ ਦਾ ਇਕ ਮੁੱਖ ਮਕਸਦ ''ਸਾਕ ਸਬੰਧੀ'' ਦਾ ਅਰਥ ਸਮਝਾਉਣਾ ਸੀ। ਇੱਥੇ ਇਸ ਪਰਿਭਾਸ਼ਾ ਨੂੰ ਉਸ ਔਰਤ ਨੂੰ ਸ਼ਾਮਿਲ ਕਰਨ ਲਈ ਵਿਸਤਾਰ ਦਿੱਤਾ ਗਿਆ ਜਿਹੜੀ ਨਜ਼ਦੀਕੀ ਰਿਸ਼ਤੇਦਾਰ ਸੀ ਜਾਂ ਕਿਸੇ ਸਾਕ ਸਬੰਧੀ ਨਾਲ ਵਿਆਹੀ ਗਈ ਸੀ। ਉਸ ਨਾਲ ਸਰੀਰਕ ਸਬੰਧ ਨਜਾਇਜ਼ ਹੋਣੇ ਸਨ। ਇਕ ਵਾਰ ਫੇਰ ਯਹੋਵਾਹ ਨੇ ਆਪਣਾ ਨਾਮ **ਮੈਂ ਯਹੋਵਾਹ ਹਾਂ** ਆਖਦਿਆਂ ਆਪਣੇ ਵਚਨ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ।

ਅਗਲੀਆਂ ਆਇਤਾਂ ਵਿਚ ਵਰਜੇ ਗਏ ਸੱਤ ਸਰੀਰਕ ਸਬੰਧਾਂ ਦੀ ਫ਼ਹਰਿਸਤ ਹੈ। ਇਨ੍ਹਾਂ ਵਿੱਚੋਂ ਕਈ ਅਧਿਆਇ 20 ਵਿਚਲੀਆਂ ਪਾਬੰਦੀਆਂ ਵੀ ਹਨ, ਜਿਨ੍ਹਾਂ ਦਾ ਜ਼ਿਕਰ ਆਮ ਤੌਰ ਤੇ ਤੋੜਨ ਦੀ ਸਜ਼ਾ ਨਾਲ ਕੀਤਾ ਗਿਆ।

**ਆਇਤਾਂ 7, 8.** *ਆਪਣੀ ਮਾਂ ਜਾਂ ਮਤਰਈ ਮਾਂ ਨਾਲ ਸਰੀਰਕ ਸਬੰਧ* (ਵੇਖੋ 20:11; ਬਿਵਸਥਾ ਸਾਰ 22:30; 27:20)। ਵਰਜਿਆ ਗਿਆ ਪਹਿਲਾਂ ਕੰਮ ਆਪਣੀ **ਮਾਂ** ਨਾਲ ਸਰੀਰਕ ਸਬੰਧ ਹੈ।[6] ਜੇ ਕੋਈ ਆਦਮੀ ਅਜਿਹਾ ਕਰਦਾ ਤਾਂ ਇਹ ਉਸ ਦਾ **ਆਪਣੇ ਪਿਉ ਦੇ ਨੰਗੇਜ ਨੂੰ ਉਘਾੜਨ** ਵਰਗਾ ਹੋਣਾ ਸੀ। ਇਸ ਭਾਸ਼ਾ ਦਾ ਅਰਥ ਇਹ ਹੈ ਕਿ ਮਾਂ ਦੀ ਸ਼ਖ਼ਸ਼ੀਅਤ ਪਿਤਾ ਦੀ ਸੀ ਅਤੇ ਉਹ ਪਿਤਾ

ਦਾ ਹਿੱਸਾ ਸੀ (ਵੇਖੋ ਉਤਪਤ 2:23, 24)।

ਇਹੀ ਗੱਲ **ਪਿਉ ਦੀ ਵਹੁਟੀ** ਲਈ ਵੀ ਸੀ ਜਿਹੜੀ ਉਹਦੀ ਆਪਣੀ ਮਾਂ ਨਹੀਂ ਸੀ। ਇਸ ਵਾਕ ਵਿਚਲੀ ਔਰਤ ਆਦਮੀ ਦੀ ਮਤਰਈ ਮਾਂ ਸੀ। ਬਹੁਪਤਨੀ ਵਿਆਹ ਵਿਚ ਉਹ ਪਤਨੀਆਂ ਵਿੱਚੋਂ ਇਕ ਹੋ ਸਕਦੀ ਹੈ (ਵੇਖੋ ਉਤਪਤ 35:22; 49:4)। ਇਕ ਹੋਰ ਦ੍ਰਿਸ਼ ਇਹ ਹੈ ਕਿ ਆਦਮੀ ਦੀ ਮਾਂ ਦੀ ਮੌਤ ਹੋ ਗਈ ਜਾਂ ਉਸਦਾ ਤਲਾਕ ਹੋ ਗਿਆ ਜਾਂ ਉਸ ਦੇ ਪਿਤਾ ਨੇ ਦੁਬਾਰਾ ਵਿਆਹ ਕਰ ਲਿਆ (ਵੇਖੋ 1 ਕੁਰਿੰਥੀਆਂ 5:1)। ਮਤਰਈ ਮਾਂ ਜੋ ਕਿ ਉਸ ਦੀ ਮਾਂ ਦੀ ਥਾਂ ਹੀ ਸੀ, ਦਾ ਸਬੰਧ ਉਸਦੇ ਪਿਤਾ ਨਾਲ ਹੋ ਗਿਆ, ਜਿਸ ਕਰਕੇ ਉਸ ਨਾਲ ਸੈਕਸ ਕਰਨਾ ਪਿਤਾ ਦੇ ਵਿਰੁੱਧ ਪਾਪ ਹੋਣਾ ਸੀ।

**ਆਇਤ 9.** *ਆਪਣੀ ਭੈਣ ਜਾਂ ਮਤਰਈ ਭੈਣ ਨਾਲ ਸਰੀਰਕ ਸਬੰਧ* (ਵੇਖੋ 20:17; ਬਿਵਸਥਾ ਸਾਰ 27:22)। ਯਹੋਵਾਹ ਨੇ ਆਦਮੀ ਨੂੰ ਆਪਣੀ ਭੈਣ ਭਾਵੇਂ ਉਹ **ਪਿਉ ਦੀ ਧੀ** ਹੋਵੇ ਜਾਂ ਉਸ ਦੀ **ਮਾਂ ਦੀ ਧੀ**, ਨਾਲ ਸਰੀਰਕ ਸਬੰਧ ਰੱਖਣ ਦੀ ਮਨਾਹੀ ਕੀਤੀ। ‘‘ਪਿਉ ਦੀ ਧੀ’’ ਨੂੰ ਅਕਸਰ ਸਕੀ ਭੈਣ ਦੇ ਅਰਥ ਵਿਚ ਸਮਝਿਆ ਜਾਂਦਾ ਸੀ, ਜਿਸ ਵਿਚ ਦੋਹਾਂ ਦੇ ਮਾਂ ਪਿਉ ਇੱਕੋ ਹੁੰਦੇ ਸਨ। ਇਸ ਦੇ ਉਲਟ, ਮਾਂ ਦੀ ਧੀ ਉਸ ਭੈਣ ਦੀ ਗੱਲ ਹੈ ਜਿਹੜੀ ਆਦਮੀ ਦੀ ਮਾਂ ਦੀ ਧੀ ਤਾਂ ਸੀ ਪਰ ਉਹਦਾ ਪਿਉ ਫ਼ਰਕ ਸੀ। ਇਸ ਹਾਲਾਤ ਵਿਚ ਇਹ ਤੁਲਨਾ ਕੀਤੀ ਗਈ ਕਿ ਉਸ ਵਿਅਕਤੀ ਦੇ ਪਿਤਾ ਨੇ ਕਿਸੇ ਵਿਧਵਾ ਨਾਲ ਵਿਆਹ ਕੀਤਾ ਜਿਸ ਦੀ ਇਕ ਧੀ ਪਹਿਲਾਂ ਤੋਂ ਸੀ ਅਤੇ ਫਿਰ ਉਨ੍ਹਾਂ ਦੋਹਾਂ ਤੋਂ ਇਕ ਪੁੱਤਰ ਪੈਦਾ ਹੋਇਆ। ਅਜਿਹੇ ਮਾਮਲੇ ਵਿਚ ਪੁੱਤਰ ਲਈ ਆਪਣੀ ਮਾਂ ਦੀ ਧੀ ਨੂੰ ਆਪਣੀ ਭੈਣ ਮੰਨਣਾ ਅਤੇ ਉਸ ਨਾਲ ਸਰੀਰਕ ਸਬੰਧ ਬਨਾਉਣਾ ਮਨ੍ਹਾ ਸੀ।

**ਭਾਵੇਂ ਘਰ ਦੀ ਜੰਮੀ, ਭਾਵੇਂ ਵਾਂਢੇ ਜੰਮੀ ਹੋਈ ਹੋਵੇ** ਵਾਕ ਖੰਡ ਦੀ ਵਿਆਖਿਆ ਕਈ ਤਰ੍ਹਾਂ ਨਾਲ ਹੁੰਦੀ ਹੈ। ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਜੇ ਕਿਸੇ ਦੀ ਮਤਰਈ ਭੈਣ ਕਿਸੇ ਹੋਰ ਪਰਿਵਾਰ ਵਿਚ ਜੰਮੀ ਹੋਈ ਹੋਵੇ, ਤਾਂ ਵੀ ਉਹ ਉਸ ਦੀ ਭੈਣ ਹੀ ਮੰਨੀ ਜਾਣੀ ਸੀ; ਜਿਸ ਦਾ ਮਤਲਬ ਇਹ ਹੋਇਆ ਕਿ ਉਸ ਨਾਲ ਸੰਭੋਗ ਜਾਂ ਵਿਆਹ ਨਹੀਂ ਕਰ ਸਕਦਾ। ਇਕ ਹੋਰ ਸੰਭਾਵਨਾ ਗੋਰਡਨ ਜੇ. ਵੈਨਹਮ ਵੱਲੋਂ ਦਿੱਤੀ ਗਈ ਹੈ ਜੋ ਇਹ ਹੈ ਕਿ ਸ਼ਰ੍ਹਾ ਵਿਚ ਅਜਿਹੇ ਹਾਲਾਤ ਦੀ ਕਲਪਨਾ ਕੀਤੀ ਗਈ ਸੀ ਜਿਸ ਵਿਚ ਇਕ ਵਿਧਵਾ ਜਿਸ ਦੀ ਧੀ ਸੀ, ਉਹ ਆਪਣੀ ਧੀ ਨੂੰ ਆਪਣੇ ਪਰਿਵਾਰ ਵਿਚ ਛੱਡ ਕੇ ਨਵੇਂ ਪਤੀ ਨਾਲ ਰਹਿਣ ਲਈ ਚਲੀ ਗਈ। ਅਜਿਹੇ ਮਾਮਲੇ ਵਿਚ ਧੀ ਦੀ ਪਰਵਰਿਸ਼ ਭਾਵੇਂ ਕਿਸੇ ਹੋਰ ਪਰਿਵਾਰ ਵਿਚ ਹੋਈ ਹੋਵੇ, ਪਰ ਉਹ ਦੂਜੇ ਪਤੀ ਨਾਲ ਰਹਿ ਰਹੀ ਆਪਣੀ ਮਾਤਾ ਦੇ ਪੁੱਤਰ ਦੀ ਪਤਨੀ ਬਣਨ ਦੇ ਅਯੋਗ ਸੀ।[7] REB ਦਾ ਅਨੁਵਾਦ ਇਸ ਵਿਆਖਿਆ ਦਾ ਪੱਖ ਕਰਦਾ ਹੋਇਆ ਲਗਦਾ ਹੈ, ‘‘ਆਪਣੀ ਭੈਣ ਨਾਲ ਸੰਭੋਗ ਨਾ ਕਰਨਾ, ਭਾਵੇਂ ਉਹ ਤੇਰੇ ਪਿਤਾ ਦੀ ਧੀ ਹੋਵੇ ਜਾਂ ਤੇਰੀ ਮਾਤਾ ਦੀ ਧੀ, ਭਾਵੇਂ ਉਹ ਪਰਿਵਾਰ ਵਿਚ ਵੱਡੀ ਹੋਈ ਹੋਵੇ ਜਾਂ ਕਿਸੇ ਹੋਰ ਘਰ ਵਿਚ; ਉਨ੍ਹਾਂ ਨੂੰ ਬਦਨਾਮ ਨਾ ਕਰਨਾ।’’

**ਆਇਤ 10.** *ਦੋਹਤੀ/ਪੋਤੀ ਨਾਲ ਸਰੀਰਕ ਸਬੰਧ।* ਭਾਵ ਭਾਵੇਂ ਆਪਣੀ ਕੁੜੀ ਦੀ ਧੀ ਹੋਵੇ ਜਾਂ ਮੁੰਡੇ ਦੀ ਦੋਹਤੀ ਅਤੇ ਪੋਤੀ ਨਾਲ ਵੀ ਸਰੀਰਕ ਸਬੰਧਾਂ ਦੀ ਮਨਾਹੀ ਕੀਤੀ ਗਈ ਹੈ। ਇਸ ਦਾ ਕਾਰਣ ਇਹ ਦੱਸਿਆ ਗਿਆ ਕਿ ਦਾਦੇ ਅਤੇ ਨਾਨੇ, ਦੋਹਤੀ/ਪੋਤੀ ਦਾ ਸਬੰਧੀ ਐਨਾ ਨਜ਼ਦੀਕੀ ਹੈ ਕਿ ਅਜਿਹਾ ਮਿਲਨ ਸ਼ਰਮਨਾਕ ਹੋਣਾ ਸੀ। ਅਸਲ ਵਿਚ ਯਹੋਵਾਹ ਨੇ ਦੋਹਤੀ/ਪੋਤੀ ਨਾਲ ਸੈਕਸ ਨਾ ਕਰਨ ਲਈ ਆਖਿਆ ਕਿਉਂ ਜੋ ਉਸ **ਦਾ ਨੰਗੇਜ ਤੇਰਾ ਆਪਣਾ ਹੀ ਹੈ।** ਅਜਿਹੇ ਹਾਲਾਤ ਵਿਚ ਉਸ ਨਾਲ ਜੋ ਅਸਲ ਵਿਚ ਤੁਹਾਡਾ ਹੀ ਹਿੱਸਾ ਹੋਵੇ, ਸੈਕਸ ਕਰਨਾ ਵਿਗਾੜ ਅਤੇ ਨਿੰਦਣਯੋਗ ਹੈ।

**ਆਇਤ 11.** *ਮਤਰਈ ਭੈਣ ਨਾਲ ਸਰੀਰਕ ਸਬੰਧ।* ਗੈਰ ਕਾਨੂੰਨੀ ਸਰੀਰ ਸਬੰਧਾਂ ਦੀ ਅਗਲੀ ਸ਼੍ਰੇਣੀ ਨੂੰ ਸਮਝਣਾ ਥੋੜ੍ਹਾ ਔਖਾ ਹੈ। **ਆਪਣੇ ਪਿਉ ਦੀ ਤੀਵੀਂ ਦੀ ਧੀ** ਵਾਕ ਖੰਡ ਮਤਰਈ ਭੈਣ ਦਾ ਅਰਥ ਦੇਣ ਲਈ ਬੜੇ ਧਿਆਨ ਨਾਲ ਬੁਣਿਆ ਗਿਆ ਲਗਦਾ ਹੈ, ਕਿਉਂ ਜੋ ਇਹ ‘‘ਆਪਣੀ ਮਾਂ ਦੀ ਧੀ’’

ਦੀ ਗੱਲ ਨਹੀਂ ਕਰਦਾ। ਪਰ ਆਇਤ ਅੱਗੇ ਆਖਦੀ ਹੈ ਕਿ ਇਹ ਧੀ [KJV] **ਤੇਰੇ ਪਿਉ ਤੋਂ ਜੰਮੀ** ਸੀ। ਜੇ ਇਨ੍ਹਾਂ ਸ਼ਬਦਾਂ ਦਾ ਸ਼ਬਦੀ ਅਰਥ ਲਿਆ ਜਾਵੇ ਤਾਂ ਉਹਨੇ ਸਕੀ ਜਾਂ ਮਤਰਈ ਭੈਣ ਹੋਣਾ ਸੀ। ਪਰ ਅਜਿਹਾ ਹੋਣ ਤੇ ਇਸ ਨਿਯਮ ਦੀ ਲੋੜ ਨਹੀਂ ਹੋਣੀ ਸੀ ਕਿਉਂ ਜੋ ਆਇਤ 9 ਪਹਿਲਾਂ ਹੀ ਭੈਣ ਨਾਲ ਸਰੀਰਕ ਸਬੰਧਾਂ ਦੀ ਮਨਾਹੀ ਕਰ ਚੁੱਕੀ ਸੀ। ਇਸ ਮੁਸ਼ਕਿਲ ਨੂੰ ਇਸ ਵਾਕ ਖੰਡ ਦੇ ਅਨੁਵਾਦ ''ਤੇਰੇ ਪਿਉ ਤੋਂ ਜੰਮੀ'' ਦੇ ਵੱਖਰੀ ਸਮਝ ਨਾਲ ਦੂਰ ਕੀਤਾ ਜਾ ਸਕਦਾ ਹੈ। ਇਸ ਵਾਕ ਖੰਡ ਦੀ ਚੰਗੀ ਵਿਆਖਿਆ ਇਹ ਹੈ ਕਿ ਇਸ ਦਾ ਅਰਥ ''ਤੇਰੇ ਪਿਉ ਦੀ ਜੰਮੀ'' ਨਹੀਂ ਬਲਕਿ ''ਪਿਉ ਦੇ ਸ਼ਰੀਕੇ ਵਰਿਵਾਰ ਤੋਂ ਆਈ।''[8] ਜੇ ਇਹ ਸਹੀ ਹੈ ਤਾਂ ਪਿਤਾ ਦੇ ਪਰਿਵਾਰ ਜਾਂ ਸਾਕਾਂ ਵਿੱਚੋਂ ਮਤਰਈ ਭੈਣ ਨਾਲ ਵਿਆਹ ਕਰਨ ਜਾਂ ਸਰੀਰਕ ਸਬੰਧਾਂ ਦੀ ਵੀ ਮਨਾਹੀ ਕੀਤੀ ਗਈ ਸੀ।

**ਆਇਤਾਂ 12-14.** *ਭੂਆ/ਮਾਸੀ/ਚਾਚੀ ਨਾਲ ਸਰੀਰਕ ਸਬੰਧ* (ਵੇਖੋ 20:19, 20)।ਅਗਲੀ ਮਨਾਹੀ ਆਪਣੇ **ਪਿਉ ਦੀ ਭੈਣ** ਜਾਂ ਆਪਣੀ **ਮਾਂ ਦੀ ਭੈਣ** ਜਾਂ ਆਪਣੇ **ਪਿਉ ਦੇ ਭਰਾ** ਦੀ ਪਤਨੀ ਨਾਲ ਸਰੀਰਕ ਸਬੰਧ ਦੀ ਹੈ। ਪਹਿਲੇ ਦੇ ਮਾਮਲਿਆਂ ਵਿਚ ਭੂਆ/ਮਾਸੀ ਮਾਪਿਆਂ ਦੇ **ਨੇੜੇ ਦਾ ਸਾਕ** ਹੋਣਾ ਸੀ ਅਤੇ ਇਸ ਕਰਕੇ ਉਸਦਾ ਸਕੀ ਰਿਸ਼ਤੇਦਾਰ ਹੋਣਾ ਸੀ। ਤੀਜੇ ਮਾਮਲੇ ਵਿਚ ਔਰਤ ਦੇ ਆਦਮੀ ਦੇ ਚਾਚੇ (ਸਕੇ ਰਿਸ਼ਤੇਦਾਰ) ਨਾਲ ਸਬੰਧ ਖੂਨ ਦਾ ਰਿਸ਼ਤਾ ਬਣ ਜਾਣਾ ਸੀ ਜਿਸ ਬਾਰੇ ਇਹ ਨਿਯਮ ਦਿੱਤੇ ਗਏ ਹਨ। ਕਿਹਾ ਜਾਂਦਾ ਹੈ, ''ਭਤੀਜਾ ਆਪਣੇ ਚਾਚੇ ਦੇ ਜੀਉਂਦੇ ਜੀ ਆਪਣੀ ਚਾਚੀ ਨਾਲ ਵਿਆਹ ਨਹੀ ਕਰ ਸਕਦਾ ਸੀ, ਅਤੇ ਉਹ ਆਪਣੇ ਚਾਚੇ ਦੀ ਮੌਤ ਤੋਂ ਬਾਅਦ ਵੀ ਆਪਣੀ ਚਾਚੀ ਨਾਲ ਵਿਆਹ ਨਹੀਂ ਕਰ ਸਕਦਾ ਸੀ।''[9]

**ਆਇਤ 15.** *ਆਪਣੀ ਨੂੰਹ ਨਾਲ ਸਰੀਰਕ ਸਬੰਧ* (ਵੇਖੋ 20:12)।ਇਸ ਤੋਂ ਬਾਅਦ ਯਹੋਵਾਹ ਨੇ ਆਦਮੀ ਨੂੰ ਆਪਣੀ ਨੂੰਹ ਨਾਲ ਸੈਕਸ ਕਰਨ ਦੀ ਮਨਾਹੀ ਕੀਤੀ । ਹੋਰਨਾਂ ਮਾਮਲਿਆਂ ਵਾਂਗ ਇਸ ਵਿਚ ਸ਼ਾਮਿਲ ਆਦਮੀ ਦੇ ਹੱਥ ਆਪਣੀ ਨੂੰਹ ਨੂੰ ਆਪਣੇ ਨਾਲ ਸਰੀਰਕ ਸਬੰਧ ਬਨਾਉਣ ਨੂੰ ਮਜਬੂਰ ਕਰਨ ਦੀ ਤਾਕਤ ਹੋ ਸਕਦੀ ਹੈ; ਪਰ ਅਜਿਹੀ ਬੁਰਿਆਈ ਲਈ ਉਹਨੇ ਆਪਣੀ ਇਸ ਤਾਕਤ ਦੀ ਵਰਤੋਂ ਨਹੀਂ ਕਰਨੀ ਸੀ। ਆਪਣੀ ਪਾਕੀਜ਼ਗੀ ਦੀ ਕਦਰ ਕਰਕੇ ਉਹਨੇ ਆਪਣੇ ਲਹੂ ਅਤੇ ਮਾਸ ਭਾਵ ਆਪਣੇ ਪੁੱਤਰ ਦੇ ਪ੍ਰਤੀ ਵੀ ਇੱਜ਼ਤ ਵਿਖਾਉਣੀ ਸੀ।

**ਆਇਤ 16.** *ਆਪਣੀ ਭਾਬੀ ਨਾਲ ਸਰੀਰਕ ਸਬੰਧ* (ਵੇਖੋ 20:21)। ਜਿਨ੍ਹਾਂ ਨਾਲ ਸਰੀਰਕ ਸੰਭੋਗ ਨਾ ਕਰਨ ਲਈ ਕਿਹਾ ਗਿਆ ਉਨ੍ਹਾਂ ਦੀ ਫ਼ਹਰਿਸਤ ਆਪਣੀ ਭਾਬੀ ਨਾਲ ਸਰੀਰਕ ਸਬੰਧ ਦੇ ਖ਼ਿਲਾਫ਼ ਮਨਾਹੀ ਨਾਲ ਖ਼ਤਮ ਹੁੰਦੀ ਹੈ (**ਭਰਾ ਦੀ ਵਹੁਟੀ**)। ਨਾਲੇ ਦਿੱਤਾ ਗਿਆ ਕਾਰਣ ਇਹ ਹੈ ਕਿ ਭਰਾ ਨਾਲ ਵਿਆਹੇ ਜਾਣ ਕਰਕੇ ਉਹ ਪਰਿਵਾਰ ਦਾ ਹਿੱਸਾ ਬਣ ਗਈ, ਇਸ ਕਰਕੇ ਉਹ ਸਕੀ ਰਿਸ਼ਤੇਦਾਰ ਬਣ ਗਈ, ਜਿਸ ਕਰਕੇ ਨਿਯਮ ਇਹ ਸੀ ਕਿ ਭਰਾ ਉਸ ਨਾਲ ਵਿਆਹ ਨਾ ਕਰੇ।

ਬਿਵਸਥਾ ਸਾਰ 25:5–10 ਵਿਚ ਬਾਅਦ ਵਿਚ ਇਕ ਹੋਰ ਨਿਯਮ ਮਿਲਦਾ ਜਿਸ ਵਿਚ ''ਵਿਧਵਾ ਨਾਲ ਵਿਆਹ ਦਾ ਨਿਯਮ ਆਖਿਆ ਜਾਂਦਾ ਹੈ।''[10] ਪਹਿਲੀ ਨਜ਼ਰੇ ਇਹ ਇਸ ਨਿਯਮ ਦਾ ਉਲਟ ਲਗ ਸਕਦਾ ਹੈ। ਇਸ ਵਿਚ ਆਦਮੀ ਲਈ, ਜੇ ਉਸ ਦਾ ਭਰਾ ਬੇਔਲਾਦ ਮਰ ਗਿਆ ਹੋਵੇ, ਉਸ ਦੀ ਵਿਧਵਾ ਨਾਲ ਵਿਆਹ ਕਰਨਾ ਜ਼ਰੂਰੀ ਸੀ। ਇਸ ਤੋਂ ਇਲਾਵਾ ਸ਼ਰਤ ਇਹ ਹੈ ਕਿ ਉਨ੍ਹਾਂ ਦੇ ਮਿਲਣ ਨਾਲ ਪੈਦਾ ਹੋਣ ਵਾਲਾ ਬੱਚਾ ਮਰੇ ਹੋਏ ਭਰਾ ਦਾ ਬੱਚਾ ਮੰਨਿਆ ਜਾਵੇ, ਅਤੇ ਉਹਨੂੰ ਮਰ ਗਏ ਭਰਾ ਦੀ ਵਿਰਾਸਤ ਮਿਲੇ। ਇਨ੍ਹਾਂ ਦੋਹਾਂ ਨਿਯਮਾਂ ਵਿਚ ਸਾਫ਼ ਫ਼ਰਕ ਇਹ ਹੈ ਕਿ ਲੇਵੀਆਂ ਦਾ ਨਿਯਮ ਜੀਉਂਦੇ ਭਰਾ ਦੀ ਗੱਲ ਕਰਦਾ ਹੈ, ਜਦਕਿ ਵਿਵਸਥਾ ਦਾ ਨਿਯਮ ਉਸ ਭਰਾ ਦੀ ਗੱਲ ਕਰਦਾ ਹੈ ਜਿਹੜਾ ਮਰ ਚੁੱਕਿਆ ਹੈ। ਇਸ ਕਰਕੇ ਲੇਵੀਆਂ ਦੀ ਸ਼ਰ੍ਹਾ ਦੇ ਮੁਤਾਬਿਕ ਜੇ ਕੋਈ ਆਪਣੀ ਪਤਨੀ ਨੂੰ ਤਲਾਕ ਦਵੇ, ਤਾਂ ਉਸ ਦਾ ਭਰਾ ਉਸ ਤਲਾਕ ਦਿੱਤੀ ਹੋਈ ਨਾਲ ਵਿਆਹ ਨਹੀਂ ਕਰ ਸਕਦਾ ਸੀ।[11] ਦੂਜੇ ਪਾਸੇ ਜੇ ਕਿਸੇ ਦਾ ਭਰਾ ਬਿਨਾਂ ਔਲਾਦ ਦੇ (ਔਂਤਰਾ) ਮਰ ਜਾਵੇ, ਤਾਂ ਉਹਦੇ ਲਈ ਉਸ ਵਿਧਵਾ

ਨਾਲ ਵਿਆਹ ਕਰਨਾ ਜ਼ਰੂਰੀ ਸੀ ਤਾਂ ਜੋ ਉਸ ਦੇ ਭਰਾ ਦਾ ਨਾਂਅ ਚੱਲਦਾ ਰਹੇ।

**ਆਇਤ 17.** *ਤੀਵੀਂ ਅਤੇ ਉਸ ਦੀ ਧੀ ਜਾਂ ਦੋਹਤੀ ਨਾਲ ਸਰੀਰਕ ਸਬੰਧ* (ਵੇਖੋ 20:14)। ਇਸ ਤੋਂ ਬਾਅਦ ਯਹੋਵਾਹ ਨੇ ਆਦਮੀ ਨੂੰ **ਤੀਵੀਂ** ਅਤੇ **ਉਸ ਦੀ ਧੀ** ਜਾਂ ਤੀਵੀਂ ਅਤੇ ਉਸ ਦੀ ਦੋਹਤੀ (**ਪੁੱਤਰ ਦੀ ਧੀ**) ਜਾਂ ਧੀ ਦੀ ਧੀ ਨਾਲ ਸਰੀਰਕ ਸਬੰਧ ਰੱਖਣ ਦੀ ਮਨਾਹੀ ਕੀਤੀ। ਇਹ ਮੰਨਦਿਆਂ ਕਿ ਇਸ ਨਿਯਮ ਵਿਚ ਇੱਕੋ ਵੇਲੇ ਔਰਤ ਅਤੇ ਉਸ ਦੀ ਧੀ ਜਾਂ ਦੋਹਤੀ ਨਾਲ ਸਰੀਰਕ ਸਬੰਧਾਂ ਦੀ ਮਨਾਹੀ ਸੀ (ਬਜਾਇ ਇਸ ਦੇ ਕਿ ਪਹਿਲਾਂ ਇਕ ਨਾਲ ਵਿਆਹ ਕਰੇ ਅਤੇ ਫਿਰ ਦੂਜੀ ਨਾਲ)। (ਪੁਰਾਣੇ ਨੇਮ ਦੇ ਸਮਿਆਂ ਵਿਚ ਖ਼ੁਦਾ ਨੇ ਆਦਮੀ ਨੂੰ ਇਕ ਪਤਨੀ ਨਾਲੋਂ ਵੱਧ ਰੱਖਣ ਦੀ ਇਜਾਜ਼ਤ ਦੇ ਦਿੱਤੀ, ਭਾਵੇਂ ਵਿਆਹ ਲਈ ਉਸ ਦੀ ਮੁੱਢ ਤੋਂ ਯੋਜਨਾ ਇਹ ਸੀ ਕਿ ਆਦਮੀ ਦੀ ਸਿਰਫ਼ ਇੱਕੋ ਪਤਨੀ ਹੋਵੇ; ਵੇਖੋ ਮੱਤੀ 19:4–6.) ਇਸ ਨਿਯਮ ਦੇ ਅਨੁਸਾਰ ਆਦਮੀ ਲਈ ਅਜਿਹੇ ਨਜ਼ਦੀਕੀ ਲੋਕਾਂ ਨਾਲ ਵਿਆਹ ਕਰਨਾ ਜਾਂ ਸਰੀਰਕ ਸਬੰਧ ਬਨਾਉਣਾ **ਖੋਟ** (ਜਾਂ ''ਬਦਚਲਨੀ''; KJV) ਸੀ।

**ਆਇਤ 18.** *ਦੋ ਭੈਣਾਂ ਨਾਲ ਵਿਆਹ ਕਰਨਾ।* ਇਸ ਆਇਤ ਨਾਲ ਵਿਆਹੇ ਹੋਏ ਆਦਮੀ ਲਈ ਆਪਣੀ ਪਤਨੀ ਦੀ **ਭੈਣ** ਨਾਲ ਵਿਆਹ ਕਰਨ ਤੋਂ ਮਨਾਹੀ ਕਰਨ ਦੇ ਨਾਲ ਗੋਤਰ-ਗਮਨ ਨਾਲ ਸਬੰਧਿਤ ਪਾਬੰਦੀਆਂ ਦੀ ਇਹ ਲੜੀ ਖ਼ਤਮ ਹੁੰਦੀ ਹੈ। ਇਹ ਇਹ ਸਾਫ਼ ਕਰਦੀ ਹੈ ਕਿ ਅਜਿਹਾ ਵਿਆਹ ਦੂਜੀ ਭੈਣ ਨੂੰ ਆਦਮੀ ਦੀ ਪਹਿਲੀ ਪਤਨੀ ਨੂੰ **ਦੁੱਖ ਦੇਣ** ਵਾਲਾ ਹੋਣਾ ਸੀ।[12] ਪਰ ਇਸ ਸੁਝਾਅ ਨਾਲ ਕਿ ਆਦਮੀ ਦੇ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਉਸ ਦੀ ਭੈਣ ਨਾਲ ਵਿਆਹ ਹੋਣਾ ਪ੍ਰਵਾਨਯੋਗ ਹੋਣਾ ਸੀ, **ਵਹੁਟੀ ਦੇ ਜੀਉਂਦਿਆਂ** ਵਾਕਖੰਡ ਨੂੰ ਮੰਜ਼ੂਰੀ ਦਿੰਦਾ ਹੈ।

## ਹੋਰ ਸਰੀਰਕ ਸਬੰਧ ਜਿਨ੍ਹਾਂ ਦੀ ਮਨਾਹੀ ਕੀਤੀ ਗਈ (18:19-23)

**[19]ਨਾਲੇ ਤੂੰ ਕਿਸੇ ਤੀਵੀਂ ਦਾ ਨੰਗੇਜ ਉਘਾੜਨ ਲਈ ਜਿੱਥੋਂ ਤੋੜੀ ਉਹ ਆਪਣੀ ਅਸ਼ੁੱਧਤਾਈ ਕਰਕੇ ਵੱਖਰੀ ਹੈ, ਉਸ ਦੇ ਕੋਲ ਨਾ ਜਾਵੀਂ [20]ਨਾਲੇ ਤੂੰ ਆਪਣੇ ਗੁਆਂਢੀ ਦੀ ਵਹੁਟੀ ਨਾਲ ਸੰਗ ਨਾ ਕਰੀਂ, ਜੋ ਉਸ ਦੇ ਨਾਲ ਤੁਸੀਂ ਭ੍ਰਿਸ਼ਟ ਨਾ ਹੋ ਜਾਓ [21]ਅਤੇ ਤੂੰ ਆਪਣੇ ਪੁੱਤਰਾਂ ਵਿੱਚੋਂ ਕਿਸੇ ਨੂੰ ਮੋਲਕ ਦੇਵ ਦੇ ਅੱਗੇ ਅੱਗ ਵਿੱਚ ਨਾ ਲੰਘਾਵੀਂ, ਨਾ ਤੂੰ ਆਪਣੇ ਪਰਮੇਸ਼ੁਰ ਦੇ ਨਾਮ ਨੂੰ ਬਦਨਾਮ ਕਰੀਂ। ਮੈਂ ਯਹੋਵਾਹ ਹਾਂ [22]ਤੂੰ ਜਿਸ ਤਰਾਂ ਤੀਵੀਂ ਦੇ ਨਾਲ ਸੰਗ ਕਰਦਾ ਹੈਂ ਮਨੁੱਖ ਦੇ ਨਾਲ ਸੰਗ ਨਾ ਕਰੀਂ, ਇਹ ਘਿਣਾਉਣਾ ਹੈ [23]ਤੂੰ ਕਿਸੇ ਪਸੂ ਦੇ ਨਾਲ ਸੰਗ ਨਾ ਕਰੀਂ ਜੋ ਤੂੰ ਉਸ ਤੋਂ ਭ੍ਰਿਸ਼ਟ ਨਾ ਹੋ ਜਾਵੇਂ ਅਤੇ ਨਾ ਕੋਈ ਤੀਵੀਂ ਕਿਸੇ ਪਸੂ ਦੇ ਅੱਗੇ ਜਾ ਕੇ ਖਲੋਵੇ ਜੋ ਉਸ ਤੋਂ ਸੰਗ ਕਰਵਾਏ, ਇਹ ਪੁੱਠੀ ਗੱਲ ਹੈ।**

ਇਸ ਅਧਿਆਇ ਵਿਚ ਮਿਲਣ ਵਾਲੀ ਨਜਾਇਜ਼ ਸਰੀਰਕ ਸਬੰਧਾਂ ਦੀ ਫ਼ਹਰਿਸਤ ਵਿਚ ਗੋਤਰ-ਗਮਨ ਦੇ ਕੰਮਾਂ ਦੀ ਭਰਮਾਰ ਹੈ, ਪਰ ਹੋਰਨਾਂ ਸਰੀਰਕ ਪਾਪਾਂ ਦੀ ਵੀ ਨਿਖੇਧੀ ਕੀਤੀ ਗਈ ਹੈ।

**ਆਇਤ 19.** *ਔਰਤ ਨਾਲ ਉਸ ਦੀ ਮਾਹਵਾਰੀ ਦੌਰਾਨ ਸਰੀਰਕ ਸਬੰਧ* (ਵੇਖੋ 20:18)। ਯਹੋਵਾਹ ਨੇ ਲੇਵੀਆਂ ਵਿਚ ਪਹਿਲਾਂ ਮਿਲਣ ਵਾਲੇ ਇਕ ਹੁਕਮ ਨੂੰ ਦੁਹਰਾਉਂਦਿਆਂ ਆਦਮੀ ਨੂੰ **ਤੀਵੀਂ** ਨਾਲ ਉਸ ਦੀ **ਆਪਣੀ ਅਸ਼ੁੱਧਤਾਈ** ਦੌਰਾਨ ਸੈਕਸ ਕਰਨ ਤੋਂ ਵਰਜਿਆ ਗਿਆ (15:24)। ਅਜਿਹਾ ਕਾਰਜ ਭਾਵੇਂ ਇਸ ਸੰਦਰਭ ਵਿਚ ਵਰਜੇ ਗਏ ਹੋਰ ਕੁਝ ਕੰਮਾਂ ਜਿੰਨਾਂ ਬੁਰਾ ਨਹੀਂ ਲਗਦਾ (ਜਿਵੇਂ ਗੁਆਂਢੀ ਦੀ ਤੀਵੀਂ ਨਾਲ ਸੈਕਸ ਕਰਨਾ), ਪਰ ਇਸ ਨੂੰ ਸਮਝਿਆ ਜਾ ਸਕਦਾ ਹੈ ਕਿ ਇਸ ਨੂੰ ਇਸ ਅਧਿਆਇ ਵਿਚ ਦਿੱਤੇ ਹੋਰ ਪਾਪਾਂ ਦੇ ਨਾਲ ਕਿਉਂ ਜੋੜਿਆ ਗਿਆ: ਆਖ਼ਰ ਇਸ ਵਿਚ ਉਹ ਸੰਭੋਗ ਸ਼ਾਮਿਲ ਸੀ ਜਿਸ ਦੀ ਖ਼ੁਦਾ ਵੱਲੋਂ ਨਿਖੇਧੀ ਕੀਤੀ ਗਈ ਸੀ। ਇਸ ਨਿਯਮ ਨੂੰ ਮੰਨ ਕੇ ਆਦਮੀ ਆਪਣੀ ਪਤਨੀ ਦੇ ਪ੍ਰਤੀ ਸਨਮਾਨ ਜਾਂ ਪਿਆਰ ਵੀ ਵਿਖਾ ਰਿਹਾ ਸੀ।

**ਆਇਤ 20.** *ਗੁਆਂਢੀ ਦੀ ਪਤਨੀ ਨਾਲ ਸਰੀਰਕ ਸਬੰਧ* (ਵੇਖੋ 20:10)। ਜਿਵੇਂ ਪਿਛਲੀ

ਮਨਾਹੀ ਵਿਚ ਪਹਿਲਾਂ ਦਿੱਤੇ ਗਏ ਨਿਯਮ ਨੂੰ ਦੁਹਰਾਇਆ ਗਿਆ ਉਵੇਂ ਹੀ **ਗੁਆਂਢੀ ਦੀ ਵਹੁਟੀ** ਨਾਲ ਸਰੀਰਕ ਸਬੰਧਾਂ ਦੇ ਵਿਰੁੱਧ ਇਹ ਨਿਯਮ ਸੈਕਸ ਨਾਲ ਸਬੰਧਿਤ ਸਭ ਤੋਂ ਮਸ਼ਹੂਰ ਹੁਕਮਾਂ ਵਿੱਚੋਂ ਇਕ ਦਾ ਦੁਹਰਾਅ ਹੈ: ''ਤੂੰ ਜ਼ਨਾਹ ਨਾ ਕਰ'' (ਕੂਚ 20: 14; ਬਿਵਸਥਾ ਸਾਰ 5: 18)।[13] ਅਜਿਹੇ ਪਾਪ ਨਾਲ ਦੋਵੇਂ **ਭ੍ਰਿਸ਼ਟ** ਹੋ ਜਾਣੇ ਸਨ ਜਿਸ ਕਰਕੇ ਸ਼ਰ੍ਹਾ ਦੇ ਤਹਿਤ ਇਹ ਮੌਤ ਦੀ ਸਜ਼ਾ ਦਾ ਅਪਰਾਧ ਵੀ ਸੀ (ਬਿਵਸਥਾ ਸਾਰ 22:22)।

**ਆਇਤ 21.** *ਬੁੱਤਪ੍ਰਸਤ ਰੀਤਾਂ।* ਸੈਕਸ ਪ੍ਰਤੀ ਵਿਹਾਰ ਨਾਲ ਜੁੜੇ ਨਿਯਮਾਂ ਦੀ ਲੜੀ ਦੇ ਵਿਚਕਾਰ ਬੁੱਤਪ੍ਰਸਤ ਰੀਤਾਂ ਦੀ ਮਨਾਹੀ ਕਰਨ ਦਾ ਨਿਯਮ ਜੋੜ ਦਿੱਤਾ ਗਿਆ: **ਤੂੰ ਆਪਣੇ ਪੁੱਤਰਾਂ ਵਿੱਚੋਂ ਕਿਸੇ ਨੂੰ ਮੋਲਕ ਦੇਵ ਦੇ ਅੱਗੇ ਅੱਗ ਵਿੱਚ ਨਾ ਲੰਘਾਵੀਂ, ਨਾ ਤੂੰ ਆਪਣੇ ਪਰਮੇਸ਼ੁਰ ਦੇ ਨਾਮ ਨੂੰ ਬਦਨਾਮ ਕਰੀਂ** (ਵੇਖੋ 20: 1–5)। ਸੰਭਵ ਤੌਰ ਤੇ ਵਿਚਾਰ ਇਹ ਹੈ ਕਿ ''ਤੂੰ ਆਪਣੀ ਸੰਤਾਨ ਨੂੰ ਝੂਠੇ ਦੇਵਤੇ ਮੋਲਕ ਅੱਗੇ ਚੜ੍ਹਾ ਕੇ ਯਹੋਵਾਹ ਦੇ ਨਾਂਅ ਨੂੰ ਬਦਨਾਮ ਨਾ ਕਰੀਂ।'' ਇਸ ਨਿਯਮ ਦੀ ਅਹਿਮੀਅਤ ਤੇ ਪਰਮੇਸ਼ੁਰ ਵੱਲੋਂ ਫੇਰ ਤੋਂ ਆਪਣੇ ਨਾਂਅ ਨੂੰ ਦੁਹਰਾਅ ਕੇ ਜ਼ੋਰ ਦਿੱਤਾ ਗਿਆ। ਉਹੀ ਇੱਕੋ ਇਕ ਪ੍ਰਭੂ ਹੈ, ਇਸ ਕਰਕੇ ਉਸਦੇ ਲੋਕਾਂ ਲਈ ਜ਼ਰੂਰੀ ਸੀ ਕਿ ਸਿਰਫ਼ ਓਸੇ ਦਾ ਹੁਕਮ ਮੰਨਣ ਅਤੇ ਓਸੇ ਦੀ ਹੀ ਬੰਦਗੀ ਕਰਨ।

ਅਜਿਹਾ ਨਿਯਮ ਕੋਈ ਹੈਰਾਨ ਕਰਨ ਵਾਲਾ ਨਹੀਂ ਹੈ ਕਿਉਂ ਜੋ ਮੂਸਾ ਦੀ ਸ਼ਰ੍ਹਾ ਵਿਚ ਕਈ ਥਾਂਵਾਂ ਤੇ ਕਈ ਤਰੀਕਿਆਂ ਨਾਲ ਬੁੱਤਪ੍ਰਸਤੀ ਦੀ ਮਨਾਹੀ ਕੀਤੀ ਗਈ (ਉਦਾਹਰਣ ਲਈ ਵੇਖੋ; ਕੂਚ 20: 1–6)। ਸਵਾਲ ਇਹ ਹੈ ਕਿ ''ਇਸ ਸੰਦਰਭ ਵਿਚ ਇਹ ਨਿਯਮ ਕਿਉਂ ਮਿਲਦਾ ਹੈ?'' ਕਿਸੇ ਝੂਠੇ ਦੇਵਤੇ ਦੀ ਪੂਜਾ[14] (ਆਪਣਾ ਬੱਚਾ ਉਹਨੂੰ ਚੜ੍ਹਾਉਣਾ ਉਸ) ਦੇਵਤੇ ਨਾਲ ਆਤਮਿਕ ਜ਼ਨਾਹ ਕਰਨ ਦੇ ਬਰਾਬਰ ਸੀ (ਵੇਖੋ ਕੂਚ 34: 15, 16)।[15] ਸ਼ਰ੍ਹਾ ਦੇ ਅਨੁਸਾਰ ਬੁੱਤਪ੍ਰਸਤੀ ਦੀ ਸਜ਼ਾ ਮੌਤ ਸੀ!

**ਆਇਤ 22.** *ਸਮਾਨ ਲਿੰਗ ਵਾਲੇ ਨਾਲ ਸਰੀਰਕ ਸਬੰਧ ਬਨਾਉਣਾ।* ਸ਼ਰ੍ਹਾ ਵਿਚ ਕਿਸੇ ਵੀ ਤਰ੍ਹਾਂ ਦੇ ਸਮਲਿੰਗੀ ਕਾਰਜ ਦੀ ਮਨਾਹੀ ਹੈ: **''ਤੂੰ ਜਿਸ ਤਰਾਂ ਤੀਵੀਂ ਦੇ ਨਾਲ ਸੰਗ ਕਰਦਾ ਹੈਂ ਮਨੁੱਖ ਦੇ ਨਾਲ ਸੰਗ ਨਾ ਕਰੀਂ।''** ਅਜਿਹੇ ਕੰਮ ਨੂੰ **ਘਿਣਾਉਣਾ** (*tho'ebah, ਥੋਏਬਾ*) ਦੱਸਿਆ ਗਿਆ ਹੈ। ਲੇਵੀਆਂ ਦੀ ਪੋਥੀ 20: 13 ਇਸ ਨਿਯਮ ਨੂੰ ਇਹ ਆਖਦਿਆਂ ਦੁਹਰਾਉਂਦਾ ਹੈ ਕਿ ਇਸ ਨੂੰ ਨਾ ਮੰਨਣ ਵਾਲਿਆਂ ਨੇ ''ਮਾੜੀ ਗੱਲ'' (*tho'ebah*) ਕੀਤੀ ਸੀ ਅਤੇ ਉਨ੍ਹਾਂ ਦੀ ਸਜ਼ਾ ਮੌਤ ਸੀ। ਯਕੀਨਨ ਇਹ ਕੋਈ ਸੰਜੋਗ ਨਹੀਂ ਹੈ, ਕਿ ਪੁਰਾਣੇ ਨੇਮ ਵਿਚ ਜਦ ਕਿਸੇ ਸਮਾਜ ਨੂੰ ਪੂਰੀ ਤਰ੍ਹਾਂ ਨਾਲ ਭ੍ਰਸ਼ਟ ਦੱਸਿਆ ਗਿਆ, ਤਾਂ ਇਹ ਭ੍ਰਸ਼ਟਤਾ ਖ਼ਤਰਨਾਕ ਸਮਲਿੰਗੀ ਕੰਮਾਂ ਦੇ ਰਾਹੀਂ ਵਿਖਾਈ ਗਈ (ਵੇਖੋ ਉਤਪਤ 19)।[16] ਨਵਾਂ ਨੇਮ ਇਹ ਸਾਫ਼ ਕਰਦਿਆਂ ਕਿ ਨਵੇਂ ਨੇਮ ਦੇ ਯੁੱਗ ਵਿਚ ਵੀ ਸਮਲਿੰਗੀ ਕੰਮ ਪਾਪ ਹੀ ਹਨ, ਸਮਲੈਂਗਿਕਤਾ ਦੇ ਪੁਰਾਣੇ ਨੇਮ ਦੇ ਵਿਚਾਰ ਨਾਲ ਸਹਿਮਤ ਹੈ (ਰੋਮੀਆਂ 1:26, 27; 1 ਕੁਰਿੰਥੀਆਂ 6:9, 10)।

**ਆਇਤ 23.** *ਕਿਸੇ ਜਾਨਵਰ ਨਾਲ ਸਰੀਰਕ ਸਬੰਧ* (ਵੇਖੋ 20: 15, 16)। ਅਖ਼ੀਰ ਵਿਚ ਯਹੋਵਾਹ ਵੱਲੋਂ ਆਦਮੀ ਨੂੰ **ਕਿਸੇ ਪਸੂ ਦੇ ਨਾਲ ਸੰਗ**[17] ਕਰਨ ਲਈ ਜਾਂ ਕਿਸੇ **ਤੀਵੀਂ** ਦੇ **ਉਸ ਤੋਂ ਸੰਗ ਕਰਵਾਏ** ਜਾਣ ਦੀ ਮਨਾਹੀ ਕੀਤੀ ਗਈ, ਇਸ ਨੂੰ ''ਵਹਿਸ਼ੀਪੁਣਾ'' ਕਿਹਾ ਜਾਂਦਾ ਹੈ। ਅਜਿਹਾ ਪਾਪ **ਪੁੱਠੀ ਗੱਲ** ਹੈ ਜੋ ਇਸ ਨੂੰ ਕਰਨ ਵਾਲੇ ਨੂੰ ਦੂਸ਼ਿਤ ਕਰ ਦਿੰਦੀ ਹੈ। ਖ਼ੁਦਾ ਨੇ ਪਹਿਲਾਂ ਆਖਿਆ ਸੀ ਕਿ ''ਜੋ ਕੋਈ ਪਸ਼ੂ ਨਾਲ ਕੁਕਰਮ ਕਰੇ ਉਹ ਜ਼ਰੂਰ ਮਾਰਿਆ ਜਾਵੇ'' (ਕੂਚ 22: 19; ਵੇਖੋ ਬਿਵਸਥਾ ਸਾਰ 27:21)। ਇਸ ਗੱਲ ਦਾ ਸਬੂਤ ਕਿ ਕਨਾਨੀ ਲੋਕ ਅਜਿਹਾ ਵਹਿਸ਼ੀਪੁਣਾ ਕਰਦੇ ਹੋਣਗੇ ਇਸ ਤੱਥ ਤੋਂ ਮਿਲਦਾ ਹੈ ਕਿ ਪ੍ਰਾਚੀਨ ਨੇੜਲੇ ਪੂਰਬ ਵਿਚ ਮੂਰਤੀਆਂ ਦੇ ਕਈ ਦੇਵਤਿਆਂ ਨੂੰ ਜਾਨਵਰਾਂ ਨਾਲ ਸੰਗ ਕਰਦੇ ਵਿਖਾਇਆ ਗਿਆ ਹੈ।[18]

## ਹੁਕਮ ਨਾ ਮੰਨਣ ਦੀ ਦੱਸੀ ਗਈ ਸਜ਼ਾ (18:24-30)

**[24]ਤੁਸਾਂ ਇਨ੍ਹਾਂ ਗੱਲਾਂ ਵਿੱਚ ਆਪਣੇ ਆਪ ਨੂੰ ਕਿਸੇ ਨਾਲ ਅਸ਼ੁੱਧ ਨਾ ਕਰਨਾ ਕਿਉਂ ਜੋ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਜਾਤਾਂ ਜੋ ਮੈਂ ਤੁਹਾਡੇ ਅੱਗੇ ਕੱਢਦਾ ਹੈਂ ਅਸ਼ੁੱਧ ਹੋਈਆਂ ਹਨ [25]ਅਤੇ ਧਰਤੀ ਭੀ ਅਸ਼ੁੱਧ ਹੋਈ ਹੈ, ਇਸ ਲਈ ਮੈਂ ਉਸ ਦੀ ਬਦੀ ਦਾ ਵੱਟਾ ਉਸ ਤੋਂ ਲੈਂਦਾ ਹਾਂ ਅਤੇ ਧਰਤੀ ਭੀ ਆਪਣੇ ਵਾਸੀਆਂ ਨੂੰ ਉਗਲੱਛ ਦਿੰਦੀ ਹੈ [26]ਸੋ ਤੁਸੀਂ ਮੇਰੀਆਂ ਬਿਧਾਂ ਅਤੇ ਮੇਰਿਆਂ ਨਿਆਵਾਂ ਨੂੰ ਧਿਆਨ ਰੱਖਣਾ ਅਤੇ ਇਨ੍ਹਾਂ ਮਾੜੀਆਂ ਗੱਲਾਂ ਵਿੱਚੋਂ ਕੋਈ ਨਾ ਕਰਨੀ, ਭਾਵੇਂ ਆਪਣੀ ਜਾਤ ਦਾ, ਭਾਵੇਂ ਕੋਈ ਓਪਰਾ ਜੋ ਤੁਹਾਡੇ ਵਿੱਚ ਵੱਸਦਾ ਹੈ [27]ਕਿਉਂ ਜੋ ਧਰਤੀ ਦੇ ਵਾਸੀਆਂ ਨੇ, ਜੋ ਤੁਹਾਡੇ ਅੱਗੇ ਸਨ ਏਹ ਸੱਭੇ ਮਾੜੀਆਂ ਗੱਲਾਂ ਕੀਤੀਆਂ ਅਤੇ ਧਰਤੀ ਅਸ਼ੁੱਧ ਹੋ ਗਈ [28]ਜੋ ਧਰਤੀ ਤੁਹਾਡੀ ਅਸ਼ੁੱਧਤਾਈ ਦੇ ਵੇਲੇ ਤੁਹਾਨੂੰ ਭੀ ਉਗਲੱਛ ਨਾ ਦੇਵੇ ਜਿੱਕੁਰ ਉਸ ਨੇ ਜੋ ਤੁਹਾਥੋਂ ਪਹਿਲੇ ਸਨ ਉਨ੍ਹਾਂ ਜਾਤਾਂ ਨੂੰ ਉਗਲੱਛ ਦਿੱਤਾ [29]ਕਿਉਂ ਜੋ ਇਨ੍ਹਾਂ ਮਾੜੀਆਂ ਗੱਲਾਂ ਵਿੱਚ ਜਿਹੜਾ ਕੁਝ ਕਰੇ ਤਾਂ ਓਹ ਪ੍ਰਾਣੀ ਜੋ ਕਰਨ ਸੋ ਆਪਣੇ ਲੋਕਾਂ ਵਿੱਚੋਂ ਛੇਕੇ ਜਾਣ [30]ਇਸ ਲਈ ਤੁਸਾਂ ਮੇਰੇ ਹੁਕਮਾਂ ਨੂੰ ਮੰਨਣਾ ਜੋ ਤੁਸੀਂ ਇਨ੍ਹਾਂ ਮਾੜੀਆਂ ਰੀਤਾਂ ਵਿੱਚੋਂ, ਜੋ ਤੁਹਾਡੇ ਅੱਗੋਂ ਕੀਤੀਆਂ ਗਈਆਂ ਹਨ ਨਾ ਕਰਨੀਆਂ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਨਾਲ ਅਸ਼ੁੱਧ ਨਾ ਕਰਨਾ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।**

ਵਰਜੇ ਗਏ ਸਰੀਰਕ ਸਬੰਧਾਂ ਬਾਰੇ ਸੰਦੇਸ਼ ਪਰਮੇਸ਼ੁਰ ਦੇ ਲੋਕਾਂ ਨੂੰ ਉਨ੍ਹਾਂ ਹੁਕਮਾਂ ਨੂੰ ਜਿਹੜੇ ਉਹਨੇ ਹੁਣੇ–ਹੁਣੇ ਦਿੱਤੇ ਸਨ, ਮੰਨਣ ਦਾ ਬਹੁਤ ਵਧੀਆ ਕਾਰਣ ਦੇਣ ਨਾਲ ਖ਼ਤਮ ਹੁੰਦਾ ਹੈ। ਜੇ ਉਹ ਹੁਕਮ ਨਾ ਮੰਨਦੇ, ਤਾਂ ਉਨ੍ਹਾਂ ਨੂੰ ਸਜ਼ਾ ਮਿਲਣੀ ਸੀ! (ਵੇਖੋ 20:22–24.)

ਸੰਖੇਪ ਵਿਚ ਯਹੋਵਾਹ ਨੇ ਆਪਣੇ ਲੋਕਾਂ ਨੂੰ ਦੱਸਿਆ ਕਿ ਉਹ ਪਾਪ ਦੀਆਂ ਇਨ੍ਹਾਂ ਦੱਸੀਆਂ ਗਈਆਂ ਰੀਤਾਂ ਵਿਚ ਨਾ ਲੱਗਣ ਕਿਉਂ ਜੋ ਉਸ ਦੇਸ਼ ਦੇ ਲੋਕ ਜਿੱਥੇ ਉਨ੍ਹਾਂ ਨੇ ਜਾ ਕੇ ਵੱਸਣਾ ਸੀ ਇਹ ਘਿਣਾਉਣੇ ਕੰਮ ਕਰਦੇ ਸਨ ਅਤੇ ਧਰਤੀ ਨੇ ਉਨ੍ਹਾਂ ਨੂੰ ''ਉਗਲੱਛ'' ਦਿੱਤਾ। ਜੇ ਇਸਰਾਏਲੀ ਉਨ੍ਹਾਂ ਦੀਆਂ ਘਿਣਾਉਣੀਆਂ ਰੀਤਾਂ ਨੂੰ ਮੰਨਦੇ ਤਾਂ ਉਨ੍ਹਾਂ ਨੂੰ ਵੀ ਉਹੀ ਸਜ਼ਾ ਮਿਲਣੀ ਸੀ ਅਤੇ ਉਨ੍ਹਾਂ ਨੂੰ ਧਰਤੀ ਤੋਂ ਉਵੇਂ ਹੀ ''ਉਗਲੱਛ ਦਿੱਤਾ'' ਜਾਣਾ ਸੀ।

**ਆਇਤ 24.** ਯਹੋਵਾਹ ਦੀ ਆਖ਼ਰੀ ਦਲੀਲ ਇਸਰਾਏਲੀਆਂ ਨੂੰ ਉਨ੍ਹਾਂ ਕੰਮਾਂ ਨੂੰ ਕਰਨ ਦੇ ਖ਼ਿਲਾਫ਼ ਚਿਤਾਵਨੀ ਦੇਣ ਨਾਲ ਸ਼ੁਰੂ ਹੁੰਦੀ ਹੈ, ਜਿਨ੍ਹਾਂ ਤੋਂ ਉਹਨੇ ਹੁਣੇ ਹੁਣੇ ਵਰਜਿਆ ਸੀ। ਕਿਉਂ ਭਲਾ? ਕਿਉਂ ਜੋ ਉਸ ਦੇਸ਼ ਦੇ ਲੋਕ ਜਿਸ ਵਿਚ ਇਸਰਾਏਲੀਆਂ ਨੇ ਵੱਸਣਾ ਸੀ, ਭਾਵ ਉਨ੍ਹਾਂ ਲੋਕ ਨੇ ਜਿਨ੍ਹਾਂ ਨੂੰ ਖ਼ੁਦਾ **ਉਨ੍ਹਾਂ ਦੇ ਅੱਗੇ ਕੱਢ** ਰਿਹਾ ਸੀ, ਇਨ੍ਹਾਂ ਨੂੰ ਘਿਣਾਉਣੀਆਂ ਰੀਤਾਂ ਨਾਲ **ਅਸ਼ੁੱਧ** ਕਰ ਦਿੱਤਾ ਸੀ।

**ਆਇਤ 25.** ਕਨਾਨੀਆਂ ਦੀਆਂ ਘਿਣਾਉਣੀਆਂ ਰੀਤਾਂ ਦਾ ਨਤੀਜਾ ਇਹ ਹੋਇਆ ਕਿ **ਧਰਤੀ** ਜਿਸ ਵਿਚ ਉਹ ਵੱਸਦੇ ਸਨ **ਅਸ਼ੁੱਧ ਹੋਈ** ਜਿਸ ਕਰਕੇ ਯਹੋਵਾਹ ਨੇ ਧਰਤੀ ਤੋਂ **ਬਦੀ ਦਾ ਵੱਟਾ ਲੈਣਾ** ਸੀ। ਅਨੁਵਾਦ ਹੋਏ ''ਵੱਟਾ'' ਸ਼ਬਦ ਦੇ ਇਬਰਾਨੀ ਸ਼ਬਦ *'awon* (ਅਵੋਨ) ਦਾ ਮੂਲ ਅਰਥ ''ਬਦੀ'' ਹੈ। ''ਵੱਟਾ'' ਅਨੁਵਾਦ ''ਬਦੀ'' ਦੇ ਨਤੀਜਿਆਂ ਉੱਤੇ ਜ਼ੋਰ ਦਿੰਦਾ ਹੈ, ਜੋ ਕਿ ਯਕੀਨਨ ਇਸ ਆਇਤ ਵਿਚ ਦਿੱਤਾ ਜਾਣ ਵਾਲਾ ਜ਼ੋਰ ਹੈ।

ਇਸ ਦੀ ਦੁਸ਼ਟਤਾ ਦੀ ਸਜ਼ਾ ਦੇ ਰੂਪ ਵਿਚ ਯਹੋਵਾਹ ਦੇ ਫ਼ਰਮਾਨ ਨਾਲ **ਧਰਤੀ** *[ਨੇ]* **ਭੀ ਆਪਣੇ ਵਾਸੀਆਂ ਨੂੰ ਉਗਲੱਛ** ਦਿੱਤਾ ਸੀ। ਧਰਤੀ ਨੂੰ ਇੱਥੇ ਵਿਅਕਤੀ ਦੇ ਰੂਪ ਵਿਚ ਦੱਸਿਆ ਗਿਆ ਜਿਸ ਨੇ ਇਵੇਂ ਵਿਹਾਰ ਕੀਤਾ ਜਿਵੇਂ ਇਹ ਜੀਉਂਦੀ ਹੋਵੇ। ਇਸ ਵਰਣਨ ਦੇ ਮੁਤਾਬਿਕ ਇਸ ਦੇ ਵਾਸੀਆਂ ਵੱਲੋਂ ਸੈਕਸ ਦੇ ਭਿਆਨਕ ਪਾਪਾਂ ਨਾਲ ਦੂਸ਼ਿਤ ਹੋਈ ਧਰਤੀ ਦਾ ਪੇਟ ਖ਼ਰਾਬ ਹੋ ਗਿਆ, ਜਿਸ ਕਰਕੇ ਇਸ ਨੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਉਗਲੱਛ ਦਿੱਤਾ।

ਆਇਤਾਂ 24 ਅਤੇ 25 ਇਸਰਾਏਲ ਦੀ ਕਨਾਨ ਦੀ ਫ਼ਤਹਿ ਦੀ, ਜੋ ਕਿ ਖ਼ੁਦਾ ਵੱਲੋਂ ਇਸ ਨਿਯਮ ਦੇ ਦਿੱਤੇ ਜਾਣ ਦੇ ਲਗਭਗ ਚਾਲੀ ਸਾਲਾਂ ਬਾਅਦ ਹੋਈ ਭਵਿੱਖਬਾਣੀ ਹੈ। ਉਦੋਂ ਇਸਰਾਏਲੀਆਂ ਨੇ ਦੇਸ਼ ਉੱਤੇ ਫ਼ਤਹਿ ਪਾ ਕੇ ਇਸ ਦੇ ਵਾਸੀਆਂ ਨੂੰ ਉਸ ਵਿੱਚੋਂ ਕੱਢ ਦਿੱਤਾ ਅਤੇ (ਬਹੁਤਿਆਂ ਨੂੰ) ਮਾਰ ਦਿੱਤਾ। ਕਨਾਨੀਆਂ ਨੂੰ ਉਸ ਧਰਤੀ ਵਿੱਚੋਂ ਜਿਸ ਵਿਚ ਉਹ ਆਪਣੇ ਪਾਪ ਨੂੰ ਵਿਖਾਉਂਦੇ ਸਨ, ਕੱਢਣ ਲਈ ਖ਼ੁਦਾ ਨੇ ਇਸਰਾਏਲੀਆਂ ਨੂੰ ਵਰਤਿਆ।

**ਆਇਤ 26.** ਆਪਣੇ ਲੋਕਾਂ ਨੂੰ ਆਪਣੇ ਨਿਯਮਾਂ ਨੂੰ ਮੰਨਣ ਲਈ ਦਲੇਰ ਕਰਦਿਆਂ ਯਹੋਵਾਹ ਨੇ ਇਸਰਾਏਲੀਆਂ ਉੱਤੇ ਆਪਣਾ ਸੰਦੇਸ਼ ਲਾਗੂ ਕੀਤਾ, ਜਦ ਕਿ ਨਾਲ ਹੀ ਉਨ੍ਹਾਂ ਨੂੰ ਉਨ੍ਹਾਂ **ਮਾੜੀਆਂ ਗੱਲਾਂ** ਨੂੰ ਨਾ ਕਰਨ ਦੀ ਚਿਤਾਵਨੀ ਦਿੱਤੀ ਜਿਨ੍ਹਾਂ ਬਾਰੇ ਉਹਨੇ ਹੁਣੇ ਹੁਣੇ ਸਮਝਾਇਆ ਸੀ। ਉਹਨੇ ਸਮਝਾਇਆ ਕਿ ਇਸਰਾਏਲੀਆਂ ਅਤੇ ਉਨ੍ਹਾਂ ਵਿਚਕਾਰ ਰਹਿਣ ਵਾਲੇ ਪਰਦੇਸੀਆਂ ਤੇ ਵੀ ਇਹ ਨਿਯਮ ਲਾਗੂ ਹੁੰਦੇ ਸਨ।

**ਆਇਤਾਂ 27, 28.** ਯਹੋਵਾਹ ਨੇ ਬ੍ਰੈਕਟਾਂ ਵਿਚ ਇਹ ਦੁਹਰਾਉਣ ਤੋਂ ਬਾਅਦ ਕਿ **ਧਰਤੀ** ਇਸ ਵਿਚ ਰਹਿਣ ਵਾਲਿਆਂ ਦੇ ਖ਼ਤਰਨਾਕ ਪਾਪਾਂ ਨਾਲ ਪਹਿਲਾਂ **ਅਸ਼ੁੱਧ ਹੋ ਗਈ** ਸੀ, ਉਨ੍ਹਾਂ ਨਤੀਜਿਆਂ ਬਾਰੇ ਦੱਸਿਆ ਸੀ। ਜੇ ਇਸਰਾਏਲੀ ਸੈਕਸ ਦੇ ਵਿਗੜੇ ਵਿਹਾਰ ਵਿਚ ਲਗ ਜਾਂਦੇ ਤਾਂ **ਧਰਤੀ** ਨੇ ਉਨ੍ਹਾਂ ਨੂੰ ਉਵੇਂ ਹੀ **ਉਗਲੱਛ** ਦੇਣਾ ਸੀ ਜਿਵੇਂ ਇਸ ਨੇ ਉਨ੍ਹਾਂ ਤੋਂ ਪਹਿਲਾਂ ਰਹਿਣ ਵਾਲਿਆਂ ਨੂੰ ਉਗਲੱਛਿਆ ਸੀ। ਦੂਜੇ ਸ਼ਬਦਾਂ ਵਿਚ ਜੇ ਉਹ ਉਨ੍ਹਾਂ ਹੀ ਪਾਪਾਂ ਦੀ ਦੋਸ਼ੀ ਹੁੰਦੇ ਜਿਨ੍ਹਾਂ ਨਾਲ ਧਰਤੀ ਅਸ਼ੁੱਧ ਹੋਈ ਸੀ, ਤਾਂ ਯਹੋਵਾਹ ਨੇ ਇਸ ਗੱਲ ਦਾ ਧਿਆਨ ਰੱਖਣਾ ਸੀ ਕਿ ਉਨ੍ਹਾਂ ਨੂੰ ਧਰਤੀ ਵਿੱਚੋਂ ਕੱਢ ਦਿੱਤਾ ਜਾਵੇ। ਭਾਵੇਂ ਉਨ੍ਹਾਂ ਦੇ ਜ਼ਰੀਏ ਦੂਜਿਆਂ ਨੂੰ ਕਨਾਨ ਵਿੱਚੋਂ ਕੱਢਿਆ ਗਿਆ ਸੀ ਅਤੇ ਜੇ ਉਹ ਯਹੋਵਾਹ ਦਾ ਹੁਕਮ ਨਾ ਮੰਨਦੇ ਤਾਂ ਉਨ੍ਹਾਂ ਨੂੰ ਵੀ ਕੱਢ ਦਿੱਤਾ ਜਾਣਾ ਸੀ।

**ਆਇਤ 29.** ਇਸ ਤੋਂ ਬਾਅਦ ਇਸ ਚਿਤਾਵਨੀ ਨੂੰ ਨਿੱਜੀ ਬਣਾ ਦਿੱਤਾ ਗਿਆ। ਸੰਦੇਸ਼ ਨਿਰਾ ਕੌਮ ਨੂੰ (ਇਸ ਨੂੰ ਸ਼ੁੱਧ ਬਣਾਈ ਰੱਖਣ ਦਾ) ਨਹੀਂ ਸੀ, ਬਲਕਿ ਪਰਮੇਸ਼ੁਰ ਦੀ ਪਵਿੱਤਰ ਕੌਮ ਦੇ ਹਰ ਸ਼ਖ਼ਸ ਲਈ ਵੀ ਸੀ। ਕੋਈ ਵੀ ਜੋ **ਇਨ੍ਹਾਂ ਮਾੜੀਆਂ ਗੱਲਾਂ ਵਿੱਚ ਕੁਝ** ਕਰਦਾ ਉਹਨੇ **ਆਪਣੇ ਲੋਕਾਂ ਵਿੱਚੋਂ ਛੇਕੇ** ਜਾਣਾ ਸੀ। ਉਸ ਉੱਤੇ ਸਖ਼ਤ ਤੋਂ ਸਖ਼ਤ ਸਜ਼ਾਵਾਂ, ਸ਼ਾਇਦ ਯਹੋਵਾਹ ਦੇ ਹੱਥੋਂ ਮੌਤ ਜਾਂ ਯਹੋਵਾਹ ਦੇ ਲੋਕਾਂ ਵੱਲੋਂ ਛੇਕ ਦਿੱਤਾ ਜਾਣਾ ਹੋਣੀਆਂ ਸਨ।[19]

**ਆਇਤ 30.** ਇਕ ਆਖ਼ਰੀ ਤਾੜਨਾ ਵਿਚ ਇਸਰਾਏਲੀਆਂ ਨੂੰ ਖ਼ਦਾ ਦੇ ਹੁਕਮ ਨੂੰ ਮੰਨਣ ਲਈ ਆਖਿਆ ਗਿਆ ਨਾ ਕਿ ਦੂਜਿਆਂ ਕੌਮਾਂ ਦੀਆਂ **ਮਾੜੀਆਂ ਰੀਤਾਂ ਵਿੱਚੋਂ** ਕਿਸੇ ਰੀਤ ਨੂੰ, ਜਿਸ ਨਾਲ ਉਹ ਅਸ਼ੁੱਧ ਹੋ ਜਾਂਦੇ। ਆਪਣੀ ਪਛਾਣ ਯਾਦ ਦੁਆਉਂਦਿਆਂ ਕਿ **ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ** ਖ਼ੁਦਾ ਨੇ ਉਨ੍ਹਾਂ ਨੂੰ ਇਸ ਹੁਕਮ ਨੂੰ ਠਹਿਰਾਇਆ। ਆਪਣੇ ਲੋਕਾਂ ਨੂੰ ਹਦਾਇਤ ਦੇਣ ਦੇ ਯਹੋਵਾਹ ਪਰਮੇਸ਼ੁਰ ਦੇ ਹੱਕ ਤੋਂ ਕੌਣ ਇਨਕਾਰ ਕਰਦਾ? ਕੌਣ ਉਸ ਦੀਆਂ ਹਦਾਇਤਾਂ ਨੂੰ ਨਾ ਮੰਨਦਾ?

ਇਸ ਅਧਿਆਇ ਵਿਚ ਦਿੱਤਾ ਗਿਆ ਮੁੱਖ ਸਬਕ ਰਿਚਰਡ ਐੱਨ. ਬੋਇਸ ਵੱਲੋਂ ਇਨ੍ਹਾਂ ਸ਼ਬਦਾਂ ਵਿਚ ਬਿਆਨਿਆ ਗਿਆ ਹੈ: ''ਪਵਿੱਤਰ ਪਰਮੇਸ਼ੁਰ ਨੂੰ ਪਵਿੱਤਰ ਲੋਕਾਂ ਦੀ ਲੋੜ ਹੈ। ਸਿਰਫ਼ ਪਵਿੱਤਰ ਅਸਥਾਨ ਵਿਚ ਹੀ ਨਹੀਂ ਬਲਕਿ ... ਬੈੱਡਰੂਮ ਵਿਚ ਵੀ।''[20] ਇਸਰਾਏਲੀਆਂ ਨੂੰ ਇਹ ਸਿੱਖਣਾ ਜ਼ਰੂਰੀ ਸੀ ਕਿ ਖ਼ੁਦਾ ਦੇ ਰਸਮੀ ਨਿਯਮਾਂ ਨੂੰ ਮੰਨ ਕੇ ਹੀ ਪਵਿੱਤਰ ਹੋਣਾ ਕਾਫ਼ੀ ਨਹੀਂ ਸੀ; ਉਨ੍ਹਾਂ ਲਈ ਸੈਕਸ ਦੇ ਆਪਣੇ ਵਿਹਾਰ ਸਣੇ ਪਵਿੱਤਰ ਜੀਵਨ ਜੀਣਾ, ਅੱਡ ਹੋਣਾ, ਆਪਣੀਆਂ ਜ਼ਿੰਦਗੀਆਂ ਦੇ ਹਰ ਪਹਿਲੂ ਵਿਚ ਪਵਿੱਤਰ ਬਣਨਾ ਜ਼ਰੂਰੀ ਸੀ। ਪਰਮੇਸ਼ੁਰ ਦੇ ਲੋਕਾਂ ਨੂੰ ਅੱਜ ਇਹੀ ਸਬਕ ਸਿੱਖਣ ਦੀ ਲੋੜ ਹੈ।

# ਪ੍ਰਸੰਗਿਕਤਾ

**ਨਵੇਂ ਨੇਮ ਵਿਚ ਵਰਜੇ ਗਏ ਸਰੀਰਕ ਸਬੰਧ (ਅਧਿਆਇ 18)**

ਆਮ ਤੌਰ ਤੇ ਸਰੀਰਕ ਪਾਪਾਂ ਦੇ ਸਬੰਧ ਵਿਚ ਨਵੇਂ ਨੇਮ ਦੀ ਸਿੱਖਿਆ ਪੁਰਾਣੇ ਨੇਮ ਦੀ ਸਿੱਖਿਆ ਵਾਲੀ ਜਾਂ ਉਸ ਦੇ ਵਰਗੀ ਹੀ ਹੁੰਦੀ ਹੈ। ਵਿਭਚਾਰ (ਨਜਾਇਜ਼ ਸਰੀਰਕ ਸਬੰਧ ਨੂੰ ਜਿਸ ਵਿਚ ਘੱਟੋ-ਘੱਟ ਇਕ ਜਣਾ ਵਿਆਹਿਆ ਹੋਇਆ ਹੋਵੇ, ਪਾਪ ਮੰਨਿਆ ਗਿਆ ਹੈ।[21] ਭਾਵੇਂ ਵਿਭਚਾਰ ਵਿਚ ਫੜੀ ਗਈ ਔਰਤ ਦੀ ਯਿਸੂ ਨਾਲ ਮੁਲਾਕਾਤ (ਯੂਹੰਨਾ 8:1-11) ਤੋਂ ਇਹ ਪਤਾ ਲਗਦਾ ਹੈ ਕਿ ਵਿਭਚਾਰ (ਜ਼ਨਾਹਕਾਰੀ) ਦਾ ਪਾਪ ਮਾਫ਼ੀ ਯੋਗ ਹੈ ਅਤੇ ਉਸ ਦੀ ਸਜ਼ਾ ਮੌਤ ਜ਼ਰੂਰੀ ਨਹੀਂ।

ਨਵੇਂ ਨੇਮ ਵਿਚ ''ਫ਼ੋਰਨਿਕੇਸ਼ਨ'' (ਬਦਫ਼ਹਿਲੀ) ਜਿਸ ਦਾ ਅਨੁਵਾਦ ਆਮ ਤੌਰ ਤੇ NASB ਵਿਚ ''ਬਦਚਲਣੀ'' ਜਾਂ ''ਅਨੈਤਿਕਤਾ'' ਕੀਤਾ ਗਿਆ ਹੈ, ਦੀ ਮਨਾਹੀ ਹੈ।[22] ''ਫ਼ੋਰਨਿਕੇਸ਼ਨ'' ਨੂੰ ਆਮ ਤੌਰ ਤੇ ਅਣਵਿਆਹੇ ਲੋਕਾਂ ਵਿਚਕਾਰ ਸਰੀਰਕ ਸਬੰਧ ਵਜੋਂ ਸਮਝਾਇਆ ਜਾਂਦਾ ਹੈ; ਪਰ ਅਨੁਵਾਦ ਹੋਏ ''ਫ਼ੋਰਨੀਕੇਸ਼ਨ'' ਸ਼ਬਦ ਦਾ ਯੂਨਾਨੀ ਸ਼ਬਦ *porneia* (*ਪੋਰਨੀਆ*) ਦਾ ਸੰਭਵ ਤੌਰ ਤੇ ਵਿਆਪਕ ਅਰਥ ਹੈ ਅਤੇ ਇਹ ਨਜਾਇਜ਼ ਸੰਭੋਗ ਦੇ ਕਿਸੇ ਵੀ ਰੂਪ ਲਈ ਹੈ। ਨਵੇਂ ਨੇਮ ਦੀਆਂ ਹੋਰ ਆਇਤਾਂ ਵਾਸਨਾ ਅਤੇ ਸਧਾਰਣ ਅਰਥ ਵਿਚ ਕਾਮੁਕ ਵਿਹਾਰ ਦੀ ਨਿੰਦਿਆ ਕਰਦੀਆਂ ਹਨ।[23]

ਨਵਾਂ ਨੇਮ ਇਹ ਵੀ ਸਾਫ਼ ਕਰ ਦਿੰਦਾ ਹੈ ਕਿ ਪੁਰਖਾਂ ਜਾਂ ਇਸਤਰੀਆਂ ਦੋਹਾਂ ਦਾ ਸਮਲਿੰਗੀ ਵਿਹਾਰ ਗ਼ਲਤ ਹੈ (ਰੋਮੀਆਂ 1:26, 27; 1 ਕੁਰਿੰਥੀਆਂ 6:9, 10)। ਪਰ ਗੋਤਰਗਮਨ ਜਾਂ ਵਹਿਸ਼ੀਪੁਣੇ ਲਈ ਇਹ ਕੋਈ ਸਿੱਧਾ ਹੁਕਮ ਨਹੀਂ ਦਿੰਦਾ। ਗੋਤਰਗਮਨ ਦੀ ਨਿੰਦਾ ਸੰਕੇਤ ਵਿਚ ਹੇਰੋਦੇਸ ਦੀ ਯੂਹੰਨਾ ਵੱਲੋਂ ਉਸ ਦੇ ਆਪਣੇ ਭਰਾ ਫ਼ਿਲਿੱਪੁਸ ਦੀ ਪਤਨੀ ਨੂੰ ਵਿਆਹ ਲੈਣ ਤੇ ਕੀਤੀ ਗਈ ਸੀ (ਮੱਤੀ 14:3, 4), ਅਤੇ ਕੁਰਿੰਥੁਸ ਵਿਚ ਪੌਲੁਸ ਵੱਲੋਂ ਉਸ ਆਦਮੀ ਦੀ ਨਿੰਦਾ ਕੀਤੀ ਗਈ ਜਿਸ ਦਾ ਆਪਣੇ ਪਿਤਾ ਦੀ ਪਤਨੀ ਨਾਲ ਸਰੀਰਕ ਸਬੰਧ ਸੀ (1 ਕੁਰਿੰਥੀਆਂ 5:1)। ਸੰਭਵ ਤੌਰ ਤੇ ਪੁਰਾਣੇ ਨੇਮ ਵਿਚਲੇ ਸਰੀਰਕ ਪਾਪ ਜਿਨ੍ਹਾਂ ਦੀ ਨਵੇਂ ਨੇਮ ਵਿਚ ਸਾਫ਼-ਸਾਫ਼ ਮਨਾਹੀ ਨਹੀਂ ਕੀਤੀ ਗਈ ਹੈ *ਪੋਰਨੀਆ* ਦੀ ਮਨਾਹੀ ਵਿਚ ਸ਼ਾਮਿਲ ਹਨ। ਦੋਹਾਂ ਨੇਮਾਂ ਦਾ ਸਾਫ਼ ਮਨੋਰਥ ਇਹ ਹੈ ਕਿ ਸਰੀਰਕ ਸਬੰਧ ਇਕ ਆਦਮੀ ਅਤੇ ਉਸ ਦੀ ਇੱਕੋ ਪਤਨੀ ਤਕ ਸੀਮਤ ਹੋਣ।

ਕਈ ਵਾਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਨਵੇਂ ਨੇਮ ਵਿਚ ਚਾਹੀ ਗਈ ਨੈਤਿਕਤਾ ਪੁਰਾਣੇ ਨੇਮ ਦੀ ਨੈਤਿਕਤਾ ਨਾਲੋਂ ਉੱਚੀ ਹੈ। ਪੁਆੜਾ ਇਹ ਹੈ ਕਿ ਨਵਾਂ ਨੇਮ ਵਾਸਨਾ ਤੋਂ ਰੋਕਦਾ ਹੈ, ਜਦ ਕਿ ਪੁਰਾਣਾ ਨੇਮ ਸਿਰਫ਼ ਸਰੀਰਕ ਕਾਰਜਾਂ ਦੀ ਮਨਾਹੀ ਕਰਦਾ ਸੀ। ਕਾਮੁਕ ਵਿਚਾਰਾਂ ਦੀ ਮਨਾਹੀ ਕਰਨ ਦੀ ਥਾਂ ਜਿਨ੍ਹਾਂ ਤੋਂ ਪਹਿਲਾਂ ਆਉਂਦੇ ਹਨ ਅਤੇ ਇਨ੍ਹਾਂ ਦਾ ਕਾਰਣ ਬਣਦੇ ਹਨ)। ਇਹ ਵਿਚਾਰ ਮੱਤੀ 5:27, 28 ਵਿਚ ਯਿਸੂ ਦੀ ਸਿੱਖਿਆ ਤੇ ਅਧਾਰਿਤ ਹੈ: ''ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਭਈ ਤੂੰ ਜ਼ਨਾਹ ਨਾ ਕਰ। ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਿਆ।'' ਇਹ ਮੰਨ ਲਿਆ ਜਾਂਦਾ ਹੈ ਕਿ ਯਿਸੂ ਆਪਣੀ ਸਿੱਖਿਆ ਮੂਸਾ ਦੀ ਸ਼ਰ੍ਹਾ ਨਾਲੋਂ ਫ਼ਰਕ ਕਰ ਰਿਹਾ ਸੀ। ਫਿਰ ਵੀ ਇਹ ਫ਼ਰਕ ਯਿਸੂ ਅਤੇ ਮੂਸਾ ਵਿਚਕਾਰ ਨਹੀਂ ਸੀ। ਇਹ ਯਿਸੂ ਅਤੇ ਸ਼ਰ੍ਹਾ ਦੇ ਸਿਖਾਉਣ ਵਾਲਿਆਂ ਵਿਚਕਾਰ ਸੀ। ਉਹਨੇ ਆਖਿਆ, ''ਤੁਸਾਂ ਸੁਣਿਆ ਹੈ ...'' ਨਾ ਕਿ ''ਮੂਸਾ ਨੇ ਆਖਿਆ'' ਇਸ ਤੋਂ ਇਲਾਵਾ ਨਵਾਂ ਨੇਮ ਦੱਸਦਾ ਹੈ ਕਿ ਕਿਸੇ ਔਰਤ ਨਾਲ ਵਿਭਚਾਰ ਕਰਨ ਵਾਂਗ ਹੀ ਉਹਨੂੰ ਬੁਰੀ ਨਜ਼ਰ ਨਾਲ ਵੇਖਣਾ ਗ਼ਲਤ ਹੈ। ਦਸ ਹੁਕਮਾਂ ਵਿਚ ਗੁਆਂਢੀ ਦੀ ਪਤਨੀ ਦਾ ਲਾਲਚ ਕਰਨ ਦੀ ਮਨਾਹੀ ਸੀ (ਕੂਚ 20:17; ਬਿਵਸਥਾ ਸਾਰ 5:21), ਅਤੇ ਲਾਲਚ ਕਰਨਾ ਵਾਸਨਾ ਦੇ ਬਰਾਬਰ ਹੀ ਹੈ। ਵਾਸਨਾ ਦੇ ਸਬੰਧ ਵਿਚ ਯਿਸੂ ਦੀ ਸਿੱਖਿਆ ਨਵੀਂ ਨਹੀਂ ਸੀ। ਇਹ ਸ਼ਰ੍ਹਾ ਨੂੰ ਸਹੀ ਤਰੀਕੇ ਨਾਲ ਸਮਝਾ ਕੇ ਦੁਬਾਰਾ

ਤੋਂ ਕਹੀ ਗਈ ਗੱਲ ਸੀ।

ਇਹ ਨਿਚੋੜ ਕੱਢਣਾ ਜ਼ਰੂਰੀ ਹੈ ਕਿ ਪੁਰਾਣੇ ਨੇਮ ਵਿਚ ਵਰਜੇ ਗਏ ਅਤੇ ਨਵੇਂ ਨੇਮ ਵਲੋਂ ਵਰਜੇ ਗਏ ਗਏ ਸਰੀਰਕ ਕੰਮਾਂ ਵਿਚ ਜੋ ਕੋਈ ਹੈ ਤਾਂ ਬਹੁਤ ਘੱਟ ਫ਼ਰਕ ਹੈ। ਇਸ ਕਰਕੇ ਇਹ ਮੰਨ ਲਿਆ ਜਾਣਾ ਚਾਹੀਦਾ ਹੈ ਕਿ ਜ੍ਹਿਨ੍ਹਾਂ ਸਰੀਰਕ ਕੰਮਾਂ ਦੀ ਨਿਖੇਧੀ ਮੂਸਾ ਦੀ ਸ਼ਰ੍ਹਾ ਵਿਚ ਕੀਤੀ ਗਈ ਉਨ੍ਹਾਂ ਦੀ ਮਸੀਹ ਵੱਲੋਂ ਵੀ ਨਿਖੇਧੀ ਕੀਤੀ ਗਈ ਹੈ।

**ਨਾ ਤਾਂ ਮਿਸਰ ਨਾ ਕਨਾਨ** (18:3)

ਯਹੋਵਾਹ ਨੇ ਇਸਰਾਏਲੀਆਂ ਨੂੰ ਹੁਕਮ ਦਿੱਤਾ, ''ਮਿਸਰ ਦੇ ਦੇਸ ਦੇ ਕਰਤੱਬ ਦੇ ਅਨੁਸਾਰ ਜਿਸ ਦੇ ਵਿੱਚ ਤੁਸੀਂ ਵੱਸਦੇ ਸੀ ਤੁਸਾਂ ਨਾ ਕਰਨਾ, ਅਤੇ ਕਨਾਨ ਦੇ ਦੇਸ ਦੇ ਕਰਤੱਬ ਦੇ ਅਨੁਸਾਰ ਜਿੱਥੇ ਮੈਂ ਤੁਹਾਨੂੰ ਲਿਆਉਂਦਾ ਹਾਂ ਤੁਸਾਂ ਨਾ ਕਰਨਾ, ਨਾ ਤੁਸਾਂ ਉਨ੍ਹਾਂ ਦੀਆਂ ਰੀਤਾਂ ਵਿੱਚ ਚੱਲਨਾ'' (18:3)। ਖ਼ੁਦਾ ਦੇ ਲੋਕਾਂ ਨੇ ਨਾ ਤਾਂ ਉਨ੍ਹਾਂ ਵਰਗਾ ਬਣਨਾ ਸੀ ਜਿੱਥੋਂ ਉਹ ਆਏ ਸਨ ਅਤੇ ਨਾ ਉਨ੍ਹਾਂ ਵਰਗੇ ਜਿੱਥੇ ਉਹ ਜਾ ਰਹੇ ਸਨ। ਉਨ੍ਹਾਂ ਲਈ ਹੋਰਨਾਂ ਸਭਨਾਂ ਨਾਲੋਂ ਫ਼ਰਕ ਲੋਕ, ਭਾਵ ''ਖ਼ਾਸ'' ਲੋਕ ਬਣਨਾ ਜ਼ਰੂਰੀ ਸੀ (ਕੂਚ 19:5; KJV)। ਜੇ ਉਹ ਯਹੋਵਾਹ ਦੀ ਗੱਲ ਮੰਨਦੇ ਤਾਂ ਉਨ੍ਹਾਂ ਨੇ ਇਹ ਆਖ ਕੇ ਕਿ ''ਸਾਰੇ ਹੀ ਕਰਦੇ ਹਨ'' ਆਪਣੇ ਵਿਹਾਰ ਦਾ ਬਹਾਨਾ ਬਨਾਉਣ ਦੀ ਕੋਸ਼ਿਸ਼ ਨਹੀਂ ਕਰਨੀ ਸੀ।

ਇਸ ਨਵੇਂ ਯੁੱਗ ਵਿਚ, ਮਸੀਹ ਦੀ ਕਲੀਸੀਆ ਰੂਹਾਨੀ ਇਸਰਾਏਲ ਹੈ (1 ਪਤਰਸ 2:9, 10)। ਸਰੀਰਕ ਇਸਰਾਏਲ ਵਾਂਗ, ਕਲੀਸੀਆ ਨੂੰ ਜਿਵੇਂ ਸੰਸਾਰ ਵਿਚ ਹੁੰਦਾ ਹੈ ਉਵੇਂ ਨਾ ਕਰਨ ਜਾਂ ਸੰਸਾਰ ਦੇ ਮਾਪਦੰਡਾਂ ਨੂੰ ਸਵੀਕਾਰ ਨਾ ਕਰਨ ਲਈ ਕਿਹਾ ਗਿਆ ਹੈ। ਮਸੀਹੀ ਲੋਕਾਂ ਨੂੰ ਦੂਜਿਆਂ ਨਾਲੋਂ ਫ਼ਰਕ ਹੋਣ ਲਈ ''ਇਸ ਜੁੱਗ ਦੇ ਰੂਪ ਜਿਹੇ'' (ਰੋਮੀਆਂ 12:2) ਅਤੇ ''ਜਗਤ ਦੇ'' (ਯੂਹੰਨਾ 17:16) ਨਾ ਬਣਨ ਲਈ ਆਖਿਆ ਗਿਆ ਹੈ। ਪਰਮੇਸ਼ੁਰ ਦੇ ਲੋਕਾਂ ਨੂੰ ''ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ'' ਬਣਨਾ ਜ਼ਰੂਰੀ ਹੈ (ਯਾਕੂਬ 1:27)। ਸੰਸਾਰ ਦੇ ਸਬੰਧ ਵਿਚ ਯਹੋਵਾਹ ਸਾਨੂੰ ਅੱਜ ਆਖਦਾ ਹੇ, ''ਉਨ੍ਹਾਂ ਵਿੱਚੋਂ ਨਿੱਕਲ ਆਓ ਅਤੇ ਅੱਡ ਹੋਵੋ'' (2 ਕੁਰਿੰਥੀਆਂ 6:17)।

ਮਸੀਹੀ ਲੋਕਾਂ ਦੇ ਰੂਪ ਵਿਚ ਸਾਡੇ ਸਾਮ੍ਹਣੇ ਬਹੁਤ ਸਾਰੇ ਸਵਾਲ ਹੁੰਦੇ ਹਨ ਕਿ ਸਾਡੀ ਜ਼ਿੰਦਗੀ ਕਿਹੋ ਜਿਹੀ ਹੋਵੇ। ਇਨ੍ਹਾਂ ਸਵਾਲਾਂ ਦੇ ਜਵਾਬ ਦੀ ਤਲਾਸ਼ ਕਰਦਿਆਂ ਸਾਨੂੰ ਆਪ ਯਹੋਵਾਹ ਵੱਲ ਮੁੜ ਜਾਣਾ ਚਾਹੀਦਾ ਹੈ। ਸਾਨੂੰ ਆਪਣੇ ਦੇਸ਼ ਦੀਆਂ ਰੀਤਾਂ ਦੇ ਮੁਤਾਬਿਕ ਨਹੀਂ ਚੱਲਣਾ ਚਾਹੀਦਾ। ਪਰਮੇਸ਼ੁਰ ਦੇ ਲੋਕਾਂ ਨੂੰ ''ਮਿਸਰ'' ਜਾਂ ''ਕਨਾਨ'' ਦੀਆਂ ''ਬਿਧਾਂ'' ਦੀ ਬਜਾਇ, ਉਸ ਦੇ ਵਚਨ ਦੇ ਮੁਤਾਬਿਕ ਚੱਲਣਾ ਜ਼ਰੂਰੀ ਹੈ।

---

ਟਿੱਪਣੀਆਂ

[1]ਆਰ. ਕੇ. ਹੈਰਿਸਨ ਨੇ ਕਿਹਾ ਹੈ ਕਿ ਸਮਝੌਤੇ ਦਾ ਇਹ ਨਮੂਨਾ ''ਖ਼ਾਸਕਰ ਬਿਵਸਥਾ ਸਾਰ ਦੀ ਕਿਤਾਬ ਵਿਚ'' ਵੇਖਿਆ ਜਾ ਸਕਦਾ ਹੈ (ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ-ਵਰਸਿਟੀ ਪ੍ਰੈੱਸ, 1980], 184)। ਇਨ੍ਹਾਂ ਸਮਝੌਤਿਆਂ ਦਾ ਵਰਣਨ ਅਤੇ ਚਰਚਾ *ਈਰਡਮੈਂਜ਼ ਹੈਂਡਬੁਕ ਟੂ ਦ ਬਾਈਬਲ*, ਸੰਪਾ. ਡੇਵਿਡ ਅਲਗਜ਼ੈਂਡਰ ਐਂਡ ਪੈਟ ਅਲਗਜ਼ੈਂਡਰ (ਗ੍ਰੈਂਡ ਰੈਪਿਡਸ, ਮਿਸ਼ਿਗਨ: ਡਬਲਯੂ. ਐੱਮ. ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1973), 198-99 ਵਿਚ ਗੋਰਡਨ ਵੈਨਹਮ ''ਕੋਵਿਨੈਂਟਸ ਐਂਡ ਨੀਅਰ ਈਸਟਰਨ ਟਰੀਟੀਜ਼'' ਵਿਚ ਕੀਤੀ ਗਹੀ ਹੈ। [2]ਬਾਈਬਲ ਦੇ ਨਿਯਮਾਂ ਅਤੇ ਹਿੱਤੀ ਸਮਝੌਤਿਆਂ ਵਿਚਕਾਰ ਸਮਾਨਤਾ ਦੀ ਵਰਤੋਂ ਬਾਈਬਲ ਦੇ ਦਸਤਾਵੇਜ਼ਾਂ ਦੀ ਪੁਰਾਤਨਤਾ ਨੂੰ ਵਿਖਾਉਣ ਲਈ ਕੀਤੀ ਗਈ ਹੈ। ਇਹ ਦਲੀਲ ਕਿ ਜੇ ਬਾਈਬਲ ਦੀਆਂ ਕਿਤਾਬਾਂ ਵਿਚ

ਅਜਿਹੀ ਸਮੱਗਰੀ ਹੈ ਜਿਹੜੀ ਦੋ ਹਜ਼ਾਰਵੇਂ(ਮਿਲੇਨਿਅਮ) ਦੇ ਹਿੱਤੀ ਸਮਝੌਤਿਆਂ ਦੇ ਨਮੂਨੇ ਵਾਲੀ ਹੈ, ਤਾਂ ਬਾਈਬਲ ਦੀ ਸਮੱਗਰੀ ਛੇਵੀਂ ਜਾਂ ਪੰਜਵੀਂ ਸਦੀ ਈ.ਪੂ. ਤੋਂ ਸ਼ੁਰੂ ਹੋਣ ਦੀ ਬਜਾਇ ਦੂਜੇ ਹਜ਼ਾਰਵੇਂ ਈ.ਪੂ. ਦੀ ਹੋਵੇਗੀ (ਜਿਵੇਂ ਕਿ ਦਸਤਾਵੇਜ਼ੀ ਕਲਪਨਾ ਨੂੰ ਮੰਨਣ ਵਾਲੇ ਆਖਦੇ ਹਨ)। [3]*ਡਿਕਸ਼ਨਰੀ ਆਫ਼ ਦ ਓਲਡ ਟੈਸਟਾਮੈਂਟ: ਪੈਂਟਾਟਿਊਕ*, ਸੰਪਾ. ਟੀ. ਡੇਸਮੰਡ ਅਲਗਜ਼ੈਂਡਰ ਐਂਡ ਡੇਵਿਡ ਡਬਲਯੂ. ਬੇਕਰ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 2003), 747 ਵਿਚ ਜੌਨ ਐੱਮ. ਸਪ੍ਰਿੰਕਲ, ''ਸੈਕਸੁਐਲਟੀ, ਸੈਕਸੁਅਲ ਈਥਿਕਸ।'' [4]ਅੰਤਰ-ਪ੍ਰਜਨਨ ਅਖ਼ੀਰ ਵਿਚ ਕਿਸੇ ਵੀ ਨਸਲ ਲਈ ਨੁਕਸਾਨਦਾਇਕ ਹੈ, ਇਸ ਕਰਕੇ ਕਿ ਸਬੰਧਿਤ ਜਾਨਵਰਾਂ ਜਾਂ ਮਨੁੱਖਾਂ ਦੇ ਜਿਣਸੀ ਮੇਲ ਨਾਲ ਪਿਤਾ ਦੇ ਗੁਣਾਂ ਵਾਲੇ ਜੀਨ ਹਾਵੀ ਹੋਣ ਲਗਦੇ ਹਨ ਜੋ ਉਸ ਮੇਲ ਨਾਲ ਹੋਣ ਵਾਲੀ ਸੰਤਾਨ ਤੇ ਨਕਾਰਾਤਮਕ ਅਸਰ ਪਾਉਂਦਾ ਹੈ। ਉਦਾਹਰਣ ਲਈ ਮਨੁੱਖਾਂ ਵਿਚ ਸਾਕ ਸਬੰਧੀਆਂ ਵਿਚਕਾਰ ਹੋਣ ਵਾਲੀਆਂ ਰਿਸ਼ਤੇਦਾਰੀਆਂ ਨਾਲ ਪੈਦਾ ਹੋਣ ਵਾਲੇ ਬੱਚਿਆਂ ਉੱਤੇ ਛੋਟੀ ਉਮਰੇ ਮੌਤ ਹੋਣ ਜਾਣ ਦਾ ਦੁਗਣਾ ਜੋਖਿਮ ਹੁੰਦਾ ਹੈ ਅਤੇ ਉਹ ਕਿਸੇ ਵੀ ਖ਼ਤਰਨਾਕ ਦਿਮਾਗ਼ੀ ਢਿੱਲ ਜਾਂ ਕਈ ਤਰ੍ਹਾਂ ਦੀਆਂ ਸਰੀਰਕ ਐਬਾਂ ਦੇ ਦਸ ਗੁਣਾਂ ਵੱਧ ਸ਼ਿਕਾਰ ਹੁੰਦੇ ਹਨ। (ਐਡਵਰਡ ਓਸਬਰਨ ਵਿਲਸਨ, *ਕੰਸਿਲਿਅਨ: ਦ ਯੂਨਿਟੀ ਆਫ਼ ਨੌਲਜ* [ਨਿਊ ਯਾਰਕ: ਐਲਫਰਡ ਏ. ਕਨੋਫ, 1998], 189.) [5]''ਦੇ ਸਾਕ'' NASB ਵਿਚ ''ਉਸ ਦੇ'' ਹੈ (ਅਨੁਵਾਦਕ)। [6]ਆਪਣੀ ਸੱਸ ਨਾਲ ਸਰੀਰਕ ਸਬੰਧਾਂ ਦੀ ਵੀ ਮਨਾਹੀ ਕੀਤੀ ਗਈ ਸੀ (ਬਿਵਸਥਾ ਸਾਰ 27:23)। [7]ਗੋਰਡਨ ਜੇ. ਵੈਨਹਮ, *ਦ ਬੁਕ ਆਫ਼ ਲੇਵਿਟਿਕਸ,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979), 255-56 ਵਿਚ ਇਸ ਦੀ ਚਰਚਾ ਕੀਤੀ ਗਈ ਹੈ। ਸ਼ਾਇਦ ਇਸ ਹਵਾਲੇ ਵਿਚ ਇਹ ਕਲਪਨਾ ਕੀਤੀ ਗਈ ਹੈ ਜਿਸ ਵਿਚ ਕਿਸੇ ਪਤੀ ਅਤੇ ਉਸ ਦੀ ਪਤਨੀ ਤੋਂ ਕੋਈ ਪੁੱਤਰ ਪੈਦਾ ਹੋਇਆ ਅਤੇ ਫੇਰ ਪਤੀ ਮਰ ਗਿਆ। ਪਤਨੀ ਹੋਰ ਵਿਆਹ ਕਰ ਲੈਂਦੀ ਹੈ ਅਤੇ ਆਪਣੇ ਪੁੱਤਰ ਨੂੰ ਆਪਣੇ ਪਿਛਲੇ ਪਤੀ ਦੇ ਪਰਿਵਾਰ ਕੋਲ ਛੱਡ ਕੇ ਆਪਣੇ ਨਵੇਂ ਪਤੀ ਨਾਲ ਰਹਿਣ ਲੱਗ ਪੈਂਦੀ ਹੈ। ਫੇਰ ਆਪਣੇ ਦੂਜੇ ਪਤੀ ਤੋਂ ਉਸ ਦੇ ਇਕ ਬੇਟੀ ਹੁੰਦੀ ਹੈ; ਉਹ ਬੇਟੀ ਓਸੇ ਪੁੱਤਰ ਦੀ ਮਤਰਈ ਭੈਣ ਹੈ ਅਤੇ ਉਹਦੀ ਪਰਵਰਿਸ਼ ਕਿਸੇ ਹੋਰ ਘਰ ਵਿਚ ਹੁੰਦੀ ਹੈ। ਉਸ ਦੇ ਪਹਿਲੇ ਵਿਆਹ ਤੋਂ ਹੋਇਆ ਪੁੱਤਰ ਉਸ ਦੇ ਦੂਜੇ ਵਿਆਹ ਤੋਂ ਹੋਈ ਧੀ ਨਾਲ ਵਿਆਹ ਨਹੀਂ ਕਰ ਸਕਦਾ। [8]ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ*, ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2004), 318. [9]ਡੌਨ ਡਿਵੇਲਟ, *ਲੇਵੀਆਂ ਦੀ ਪੋਥੀ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1975), 300. ਡਿਵੇਲਟ ਨੇ ਇਹ ਵੀ ਧਿਆਨ ਦੁਆਇਆ ਕਿ ਬਾਈਬਲ ਵਿਚ ਕਈ ਵਿਆਹਾਂ ਵਿਚ ਆਦਮੀ ਅਤੇ ਉਸ ਦੀ ਭੂਆ, ਮਾਸੀ, ਚਾਚੀ ਜਾਂ ਕੋਈ ਹੋਰ ਇਹੋ ਜਿਹਾ ਰਿਸ਼ਤਾ ਹੁੰਦਾ ਸੀ। ਮੂਸਾ ਦੇ ਪਿਤਾ ਅਮਰਾਮ ਦਾ ਵਿਆਹ ਆਪਣੀ ਫੁੱਫੀ ਜੋਕਬਦ ਨਾਲ ਹੋਇਆ ਸੀ (ਕੂਚ 6:20); ਨਾਹੋਰ ਦਾ ਵਿਆਹ ਆਪਣੀ ਭਤੀਜੀ ਮਿਲਕਾਹ ਨਾਲ ਹੋਇਆ ਸੀ (ਉਤਪਤ 11:29); ਅਤੇ ਆਥਨੀਏਲ ਦਾ ਵਿਆਹ ਆਪਣੀ ਭਤੀਜੀ ਅਕਸਾਹ ਨਾਲ ਹੋਇਆ ਸੀ (ਯਹੋਸ਼ੁਆ 15:17; ਨਿਆਈਆਂ 1:13)। (ਉੱਥੇ ਹੀ।) ਭਤੀਜੀ ਹੋਣ ਦੀ ਥਾਂ ਇਹ ਹੋ ਸਕਦਾ ਹੈ ਕਿ ਅਕਸਾਹ ਆਥਨੀਏਲ ਦੀ ਚਚੇਰੀ ਭੈਣ ਸੀ। [10]''ਵਿਧਵਾ ਨਾਲ ਵਿਆਹ'' ਦੇ ਨਿਯਮ ਲਈ ਅੰਗ੍ਰੇਜ਼ੀ ਸ਼ਬਦ ***Levirate*** (*ਲੇਵਿਰੇਟ*) ਲਾਤੀਨੀ ਭਾਸ਼ਾ ਦੇ ਸ਼ਬਦ ***levir*** (*ਲੇਵਿਰ*) ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ''ਪਤੀ ਦਾ ਭਰਾ'' ਜਾਂ ''ਦਿਓਰ/ਜੇਠ।'' ਵਿਧਵਾ ਭਾਬੀ ਨਾਲ ਵਿਆਹ ਦੇ ਨਿਯਮ ਦੀ ਇਕ ਉਦਾਹਰਣ ਰੂਥ ਦੀ ਕਿਤਾਬ ਵਿਚ ਵਰਤੀ ਗਈ ਮਿਲਦੀ ਹੈ।

[11]ਇਸ ਨਿਯਮ ਨੂੰ ਹੇਰੋਦੇਸ ਅੰਤਿਪਾਸ ਨੇ ਤੋੜਿਆ ਸੀ ਜਦ ਉਹਨੇ ''ਆਪਣੇ ਭਾਈ ਫ਼ਿਲਿੱਪੁਸ ਦੀ ਤੀਵੀਂ ਹੇਰੋਦਿਆਸ'' (ਮੱਤੀ 14:3) ਨਾਲ ਵਿਆਹ ਕਰ ਲਿਆ ਜਿਸ ਕਰਕੇ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਉਸ ਨੂੰ ਆਖਿਆ ਸੀ, ''ਉਹਦਾ ਰੱਖਣਾ ਤੁਹਾਨੂੰ ਜੋਗ ਨਹੀਂ'' (ਮੱਤੀ 14:4)। ਹੇਰੋਦੇਸ ਇਸ ਨਿਯਮ ਨੂੰ ਤੋੜਨ ਦਾ ਦੋਸ਼ੀ ਸੀ ਅਤੇ ਇਸ ਕਰਕੇ ਉਹ ਗੋਤਰਗਮਨ ਦਾ ਦੋਸ਼ੀ ਸੀ। [12]ਯਾਕੂਬ ਨੇ ਰਾਖੇਲ ਅਤੇ

ਲੇਆਹ ਦੋ ਭੈਣਾਂ ਨਾਲ ਵਿਆਹ ਕੀਤਾ। ਉਨ੍ਹਾਂ ਦੀ ਖੁਣਸ ਤੋਂ ਇਕ ਆਦਮੀ ਦੇ ਦੋ ਭੈਣਾਂ ਨਾਲ ਵਿਆਹ ਕਰਨ ਵਿਚ ਪੈਦਾ ਹੋਣ ਵਾਲੀਆਂ ਮੁਸ਼ਕਿਲਾਂ ਦਾ ਪਤਾ ਲਗਦਾ (ਉਤਪਤ 29; 30)। [13]ਮੂਸਾ ਦੀ ਸ਼ਰ੍ਹਾ ਦੇ ਤਹਿਤ ''ਜ਼ਨਾਹ'' ਵਿਚ ਕਿਸੇ ਦੀ ਪਤਨੀ ਨਾਲ ਸੰਗ ਕਰਨਾ ਸ਼ਾਮਿਲ ਸੀ। ਕਿਸੇ ਅਣਵਿਆਹੀ ਔਰਤ ਨਾਲ ਨਜਾਇਜ਼ ਸਰੀਰਕ ਸਬੰਧਾਂ ਨੂੰ ''ਜ਼ਨਾਹ'' ਜਾਂ ਵਿਭਚਾਰ ਨਹੀਂ ਕਿਹਾ ਜਾਂਦਾ ਸੀ। [14]ਸੀ. ਐੱਫ਼. ਕੇਲ ਅਤੇ ਐੱਫ਼. ਡੇਲਿਸ਼ ਨੇ ਇਸ ਆਇਤ ਉੱਤੇ ਆਪਣੀਆਂ ਟਿੱਪਣੀਆਂ ਦੀ ਜਾਣ-ਪਛਾਣ ਸਰੀਰਕ ਬਦਚਲਣੀ ਵਿਚ ''ਰੂਹਾਨੀ ਵੇਸਵਾਪੁਣੇ ਦੀ ਮਨਾਹੀ ਸ਼ਬਦਾਂ ਨਾਲ ਦਿੱਤੀ ਗਈ ਹੈ''( ਸੀ. ਐੱਫ਼. ਕੇਲ ਅਤੇ ਐੱਫ਼. ਡੇਲਿਸ਼, *ਦ ਪੈਂਟਾਟਿਊਕ*, ਜਿਲਦ 2, ਅਨੁ. ਜੇਮਸ ਮਾਰਟਿਨ, ਬਿਬਲੀਕਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1959], 416)। [15]ਇਹ ਹਵਾਲਾ ਇਹ ਸਾਫ਼ ਨਹੀਂ ਕਰਦਾ ਕਿ ਇਸਰਾਏਲੀਆਂ ਨੇ ਆਪਣੇ ਬੱਚਿਆਂ ਨੂੰ ਮੋਲਕ ਅੱਗੇ ਚੜ੍ਹਾਉਣ ਵੇਲੇ ਅੱਗ ਦੇ ਵਿੱਚੋਂ ਦੀ ਨਹੀਂ ਲੰਘਾਉਣ ਸੀ, ਇਸ ਕਰਕੇ ਇਕ ਸੰਭਾਵਿਤ ਵਿਆਖਿਆ ਇਹ ਹੈ ਕਿ ਇਹ ਮੋਲਕ ਅੱਗੇ ਬੱਚੇ ਦੇਣ ਦੀ ਗੱਲ ਕਰਦਾ ਹੈ ਤਾਂ ਜੋ ਉਹ ਧਾਰਮਿਕ ਵੇਸਵਾਵਾਂ ਵਜੋਂ ਉਸ ਦੀ ਸੇਵਾ ਕਰ ਸਕਣ। ਜੇਕਬ ਮਿਲਗ੍ਰੋਮ ਨੇ ਇਸ ਸੰਭਾਵਿਤ ਵਿਆਖਿਆ ਦੀ ਗੱਲ ਕੀਤੀ ਹੈ ਪਰ ਨਾਲ ਹੀ ਜੋੜਿਆ, ''ਵਧੇਰੇ ਸੰਭਾਵਨਾ ... ਇਸਰਾਏਲ ਦੀਆਂ ਗੁਆਂਢੀਆਂ ਵੱਲੋਂ ਬੱਚਿਆਂ ਦੀ ਬਲੀਆਂ ਦਿੱਤੇ ਜਾਣ ਦੀ ਗੱਲ ਹੈ (ਤੁਲਨਾ 2 ਰਾਜਿਆਂ 3:27)'' (*ਦ ਇੰਟਰਪ੍ਰੇਟਰ'ਜ਼ ਵਨ-ਵੌਲਿਊਮ ਕਮੈਂਟਰੀ ਆਨ ਦ ਬਾਈਬਲ*, ਸੰਪਾ. ਚਾਰਲਸ ਐੱਮ. ਲੈਮਨ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1971), 79 ਵਿਚ ਜੇਕਬ ਮਿਲਗ੍ਰੋਮ, ''ਦ ਬੁਕ ਆਫ਼ ਲੇਵੀਆਂ ਦੀ ਪੋਥੀ।'' [16]ਉਤਪਤ 19 ਅਧਿਆਇ ਸਦੂਮ ਦੋ ਫ਼ਰਿਸ਼ਤਿਆਂ ਦੇ ਸਦੂਮ ਵਿਚ, ਉਸ ਦੁਸ਼ਟ ਨਗਰ ਦੀ ਬਰਬਾਦੀ ਤੋਂ ਥੋੜ੍ਹਾ ਜਿਹਾ ਪਹਿਲਾਂ ਜਾਣ ਦੀ ਕਹਾਣੀ ਦੱਸਦਾ ਹੈ। ਸ਼ਹਿਰ ਦੇ ਲੋਕਾਂ ਨੇ ਘਰ ਨੂੰ ਘੇਰਾ ਪਾ ਲਿਆ ਅਤੇ ਮੰਗ ਕਰਨ ਲੱਗੇ ਕਿ ਲੂਤ ਉਨ੍ਹਾਂ ਦੋ ਪਰਦੇਸੀਆਂ ਨੂੰ ਘੱਲ ਦਵੇ ਤਾਂ ਜੋ ਉਹ ਉਨ੍ਹਾਂ ਨੂੰ ''ਜਾਣ ਸਕਣ'' (ਉਤਪਤ 19:5; KJV)। NASB ਵਿਚ ''ਜਾਣਨ'' ਦੀ ਸਹੀ ਸਹੀ ਵਿਆਖਿਆ ਸਰੀਰਕ ਸਬੰਧ ਬਨਾਉਣ ਵਿਚ ਕੀਤੀ ਗਈ ਹੈ। NIV ਵਿਚ ਤਾਂ ''ਉਨ੍ਹਾਂ ਨਾਲ ਸੈਕਸ ਕਰੀਏ'' ਲਿਖ ਕੇ ਹੋਰ ਵੀ ਸਾਫ਼ ਕਰ ਦਿੱਤਾ ਗਿਆ ਹੈ। ਇਹ ਦਲੀਲ ਦਿੱਤੀ ਗਈ ਹੈ ਕਿ ਸਦੂਮ ਦੇ ਲੋਕਾਂ ਵਿਚ ਸਮਲਿੰਗੀ ਬਿਰਤੀਆਂ ਨਹੀਂ ਵੇਖੀਆਂ ਗਈਆਂ ਸਨ; ਉਹ ਤਾਂ ਸਿਰਫ਼ ਉਨ੍ਹਾਂ ਮਹਿਮਾਨਾਂ ਨਾਲ ਜਾਣ-ਪਛਾਣ ਕਰਨਾ ਚਾਹੁੰਦੇ ਸਨ। ਜਿਵੇਂ ਕਿ ਸਪ੍ਰਿੰਕਲ ਨੇ ਧਿਆਨ ਦੁਆਇਆ ਹੈ, ਇਸ ਦਲੀਲ ਵਿਚ ਇਸ ਨੂੰ ਸਹੀ ਠਹਿਰਾਉਣ ਦੀ ਕੋਈ ਸਮਝ ਨਹੀਂ ਹੈ। (ਸਪ੍ਰਿੰਕਲ, 748.) [17]''ਸੰਗ'' ਦਾ ਅਨੁਵਾਦ ਇਬਾਨੀ ਸ਼ਬਦ *raba'* (*ਰਬਾ*) ਤੋਂ ਹੋਇਆ ਹੈ ਜਿਸ ਦਾ ਮੂਲ ਅਰਥ ਹੈ ''ਲੇਟਣਾ।'' [18]ਸਪ੍ਰਿੰਕਲ, 749. [19]''ਛੇਕ ਦਿੱਤੇ'' ਜਾਣ ਦੀ ਇਕ ਹੋਰ ਸੰਭਾਵਿਤ ਵਿਆਖਿਆ ਇਹ ਹੈ ਕਿ ਕੋਈ ਬੇ-ਔਲਾਦ ਮਰ ਜਾਵੇ; ਇਸ ਕਰਕੇ ਉਸ ਦਾ ਨਾਂਅ ਇਸਰਾਏਲ ਦੇ ਲੋਕਾਂ ਵਿੱਚੋਂ ''ਛੇਕ ਦਿੱਤਾ'' ਜਾਣਾ ਸੀ। ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਸ਼ਰ੍ਹਾ ਕਿਤੇ ਹੋਰ ਇਸ ਅਧਿਆਇ ਵਿਚ ਦੱਸੇ ਗਏ ਕਈ ਪਾਪਾਂ ਲਈ ਮੌਤ ਦੀ ਸਜ਼ਾ ਦੀ ਸਿਫ਼ਾਰਿਸ਼ ਕਰਦੀ ਹੈ (ਲੋਕਾਂ ਵੱਲੋਂ ਦਿੱਤੇ ਜਾਣ ਦੇ ਰਾਹੀਂ)। [20]ਰਿਚਰਡ ਐੱਨ. ਬੋਇਸ, *ਲੇਵੀਆਂ ਦੀ ਪੋਥੀ ਐਂਡ ਗਿਣਤੀ*, ਵੈਸਟਮਿੰਸਟਰ ਬਾਈਬਲ ਕੰਪੈਨਿਅਨ (ਲੂਈਸਵਿਲ: ਵੈਸਟਮਿੰਸਟਰ ਜੌਨ ਨੌਕਸ ਪ੍ਰੈੱਸ, 2008), 65.

[21]ਵੇਖੋ ਮੱਤੀ 5:27; 19:18; ਰੋਮੀਆਂ 2:22; 13:9; 1 ਕੁਰਿੰਥੀਆਂ 6:9; ਇਬਰਾਨੀਆਂ 13:4; ਯਾਕੂਬ 2:11. [22]ਵੇਖੋ ਰਸੂਲਾਂ ਦੇ ਕਰਤੱਬ 15:20, 29; 1 ਕੁਰਿੰਥੀਆਂ 5:1; 6:18; ਗਲਾਤੀਆਂ 5:19; ਅਫ਼ਸੀਆਂ 5:3; ਕੁਲੁੱਸੀਆਂ 3:5; 1 ਥੱਸਲੁਨੀਕੀਆਂ 4:3. [23]ਉਦਾਹਰਣ ਲਈ, ਗਲਾਤੀਆਂ 5:19 ਅਤੇ ਅਫ਼ਸੀਆਂ 5:3 ਵਿਚ ''ਗੰਦਮੰਦ'' ਅਤੇ ''ਲੁੱਚਪੁਣਾ'' ਨੂੰ ਨਿੰਦਿਆ ਗਿਆ ਹੈ।